Samaj Weekly

ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 4 : # ਅੰਕ 333 28/05/2026 www.samajweekly.com samajweekly @samajweekly samajweekly


# SIR: ਸੁਪਰੀਮ ਕੋਰਟ ਵੱਲੋਂ ਬਿਹਾਰ ਐੱਸ ਆਈ ਆਰ ਪਟੀਸ਼ਨਾਂ ਦਾ ਨਿਬੇੜਾ

## ਐੱਸ ਆਈ ਆਰ ਨਾਲ ਆਜ਼ਾਦ ਤੇ ਨਿਰਪੱਖ ਚੋਣਾਂ ਯਕੀਨੀ ਬਣਨ ਦਾ ਦਾਅਵਾ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ (ਐੱਸ ਆਈ ਆਰ) ਕਰਵਾਉਣ ਦੇ ਚੋਣ ਕਮਿਸ਼ਨ (ਈ ਸੀ) ਦੇ ਅਧਿਕਾਰ ਨੂੰ ਕਾਇਮ ਰੱਖਦਿਆਂ ਬੁੱਧਵਾਰ ਨੂੰ ਕਿਹਾ ਕਿ ਇਹ ਅਮਲ ਨਿਰਪੱਖ ਚੋਣਾਂ ਯਕੀਨੀ ਬਣਾਉਣ ਦੇ ਸੰਵਿਧਾਨਕ ਅਧਿਕਾਰ ਵਿੱਚ 'ਨਵੀਂ ਜਾਨ' ਫੂਕਦਾ ਹੈ। ਸਿਖਰਲੀ ਕੋਰਟ ਦਾ ਇਹ ਫ਼ੈਸਲਾ ਚੋਣ ਕਮਿਸ਼ਨ ਲਈ ਵੱਡੀ ਜਿੱਤ ਹੈ। ਭਾਰਤ ਦੇ ਚੀਫ ਜਸਟਿਸ ਸੂਰਿਆ ਕਾਂਤ ਦੀ ਅਗਵਾਈ ਹੇਠਲੇ ਬੈਂਚ ਨੇ ਕਿਹਾ ਕਿ ਐੱਸ ਆਈ ਆਰ ਦਾ ਅਮਲ 'ਆਜ਼ਾਦ ਅਤੇ ਨਿਰਪੱਖ ਚੋਣਾਂ ਦੀ ਸੰਵਿਧਾਨਕ ਲੋੜ' ਨੂੰ ਅੱਗੇ ਵਧਾਉਂਦਾ ਹੈ। ਸੁਪਰੀਮ ਕੋਰਟ ਨੇ ਐੱਸ ਆਈ ਆਰ ਲਈ ਅਪਣਾਏ ਦਸਤਾਵੇਜ਼ੀ ਚੌਖਟੇ ਨੂੰ ਬਰਕਰਾਰ ਰੱਖਦਿਆਂ ਕਿਹਾ ਕਿ ਨਾ ਤਾਂ ਇਹ ਮਨਮਾਨੀ ਸੀ ਤੇ ਨਾ ਹੀ ਕਾਨੂੰਨੀ ਦਾਇਰੇ ਤੋਂ ਬਾਹਰ ਸੀ।ਬੈਂਚ, ਜਿਸ ਵਿੱਚ ਜਸਟਿਸ ਜੌਇਮਾਲਿਆ ਬਾਗਚੀ ਵੀ ਸ਼ਾਮਲ ਸਨ, ਨੇ ਕਿਹਾ ਕਿ ਚੋਣ ਕਮਿਸ਼ਨ ਨੂੰ ਸੰਵਿਧਾਨ ਦੀ ਧਾਰਾ 324 ਅਤੇ ਲੋਕ ਪ੍ਰਤੀਨਿਧਤਾ ਐਕਟ (ਆਰ ਪੀ ਏ) ਦੇ ਭਾਗ 21(3) ਤਹਿਤ ਵਿਸ਼ੇਸ਼ ਸੁਧਾਈ ਕਰਵਾਉਣ ਦਾ ਪੂਰਾ ਅਖ਼ਤਿਆਰ ਹੈ। ਸੁਪਰੀਮ ਕੋਰਟ ਨੇ ਬਿਹਾਰ ਵਿੱਚ ਐੱਸ ਆਈ ਆਰ ਦੇ ਅਮਲ ਨੂੰ ਚੁਣੌਤੀਆਂ ਦਿੰਦੀਆਂ ਪਟੀਸ਼ਨਾਂ ਦਾ ਨਿਬੇੜਾ ਕਰਦਿਆਂ ਕਿਹਾ ਕਿ ਵੋਟਰ ਸੂਚੀ 'ਚੋਂ ਨਾਂ ਕੱਟੇ ਜਾਣ ਦਾ ਮਤਲਬ ਕੋਈ ਕਾਨੂੰਨੀ



ਐਲਾਨਨਾਮਾ ਨਹੀਂ ਹੈ ਕਿ ਵਿਅਕਤੀ ਵਿਸ਼ੇਸ਼ (ਦੇਸ਼ ਦਾ) ਨਾਗਰਿਕ ਨਹੀਂ ਹੈ। ਸੁਪਰੀਮ ਕੋਰਟ ਮੁਤਾਬਕ ਜਮਹੂਰੀ ਅਮਲ ਦੀ ਭਰੋਸੇਯੋਗਤਾ ਵੋਟਰ ਸੂਚੀਆਂ ਦੀ ਸਟੀਕਤਾ ਉੱਤੇ ਮੁਨੱਸਰ ਕਰਦੀ ਹੈ।ਬੈਂਚ ਨੇ ਕਿਹਾ, ''ਅਸੀਂ ਇਹ ਸਿੱਟਾ ਕੱਢਣ ਤੋਂ ਅਸਮਰੱਥ ਹਾਂ ਕਿ ਵਿਵਾਦਿਤ ਮਸ਼ਕ ਸਿਰਫ਼ ਪ੍ਰਸ਼ਾਸਕੀ ਸਹੂਲਤ ਲਈ ਕੀਤੀ ਗਈ ਗਈ ਪ੍ਰਕਿਰਿਆ ਹੈ।'' ਇਸ ਵਿੱਚ ਕਿਹਾ ਗਿਆ ਹੈ ਕਿ ਆਜ਼ਾਦ ਅਤੇ ਨਿਰਪੱਖ ਚੋਣਾਂ ਸਿਰਫ਼ ਪੋਲਿੰਗ ਦੇ ਢੰਗ ਤਰੀਕਿਆਂ 'ਤੇ ਨਿਰਭਰ ਨਹੀਂ ਕਰਦੀਆਂ। ਇਹ ਮੂਲ ਰੂਪ ਵਿੱਚ ਵੋਟਰ ਸੂਚੀਆਂ ਦੀ ਇਮਾਨਦਾਰੀ, ਸ਼ੁੱਧਤਾ ਅਤੇ ਭਰੋਸੇਯੋਗਤਾ 'ਤੇ ਨਿਰਭਰ ਹਨ। ਕੋਰਟ ਨੇ ਕਿਹਾ, ''ਐੱਸ ਆਈ ਆਰ ਨੇ ਨਿਰਪੱਖ ਚੋਣਾਂ ਯਕੀਨੀ ਬਣਾਉਣ ਦੇ ਸੰਵਿਧਾਨਕ ਅਧਿਕਾਰ 'ਚ ਨਵੀਂ ਜਾਨ ਫੂਕੀ ਹੈ।''ਪਟੀਸ਼ਨਰਾਂ, ਜਿਨ੍ਹਾਂ ਵਿੱਚ ਐੱਨ ਜੀ ਓ ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ਼ (ਏ ਡੀ ਆਰ) ਵੀ ਸ਼ਾਮਲ ਹੈ, ਦਾ ਮੁੱਖ ਇਤਰਾਜ਼ ਇਹ ਸੀ ਕਿ ਐੱਸ ਆਈ ਆਰ ਇੱਕ 'ਐੱਨ ਆਰ ਸੀ (ਕੌਮੀ ਨਾਗਰਿਕਤਾ ਰਜਿਸਟਰ) ਵਰਗੀ ਪ੍ਰਕਿਰਿਆ' ਵਜੋਂ ਕੰਮ ਕਰਦਾ ਹੈ ਜਿਸ ਵਿੱਚ ਚੋਣ ਕਮਿਸ਼ਨ ਕਥਿਤ ਨਾਗਰਿਕਤਾ ਦੀ ਪੁਸ਼ਟੀ ਕਰਦਾ ਹੈ। ਉਨ੍ਹਾਂ ਨੇ ਦਲੀਲ ਦਿੱਤੀ ਕਿ ਇਹ ਅਜਿਹੀ ਸ਼ਕਤੀ ਹੈ, ਜਿਹੜੀ ਸਿਰਫ਼ ਕੇਂਦਰ ਸਰਕਾਰ ਕੋਲ ਹੈ।

# 9 ਜੂਨ ਨੂੰ ਲਾਡੋਵਾਲ ਟੋਲ ਪਲਾਜ਼ਾ ਲੁਧਿਆਣਾ 12 ਤੋਂ 2 ਵਜੇ ਤੱਕ ਕੀਤਾ ਜਾਵੇਗਾ ਪਰਚੀ ਮੁਕਤ

**ਚੰਡੀਗੜ੍ਹ:** ਅੱਜ ਕੌਮੀ ਇਨਸਾਫ ਮੋਰਚੇ ਵੱਲੋਂ ਕਿਸਾਨ ਭਵਨ ਵਿੱਚ ਪੰਥਕ ਜਥੇਬੰਦੀਆਂ,ਕਿਸਾਨ ਜਥੇਬੰਦੀਆਂ,ਮਜ਼ਦੂਰ ਅਤੇ ਵਪਾਰੀ ਜਥੇਬੰਦੀਆਂ ,ਬੁੱਧੀਜੀਵੀਆਂ ਦੀ ਲਗਭਗ 300 ਨੁਮਾਇੰਦਿਆਂ ਦੀ ਪ੍ਰਭਾਵਸ਼ਾਲੀ ਮੀਟਿੰਗ ਹੋਈ ਮੀਟਿੰਗ ਵਿੱਚ ਮੋਦੀ ਸਰਕਾਰ ਅਤੇ ਭਗਵੰਤ ਸਿੰਘ ਮਾਨ ਸਰਕਾਰ ਦੀ ਕਰੜੀ ਆਲੋਚਨਾ ਕਰਦੇ ਹੋਏ ਕਿਹਾ ਦੋਵੇਂ ਸਰਕਾਰਾਂ ਪੰਥ- ਪੰਜਾਬ ਨਾਲ ਦੁਸ਼ਮਣੀ ਵਾਲਾ ਵਤੀਰਾ ਅਪਣਾ ਰਹੀਆਂ ਹਨ ਸ਼ਾਂਤਮਈ ਅਤੇ ਲੋਕਤੰਤਰੀ ਢੰਗ ਨਾਲ ਸੰਵਿਧਾਨਿਕ ਅਤੇ ਕਾਨੂੰਨ ਦੇ ਦਾਇਰੇ ਵਿੱਚ ਆਉਣ ਵਾਲੀਆਂ ਮੰਗਾਂ ਮੰਨਣ ਤਾਂ ਦੂਰ ਦੀ ਗੱਲ ਦੋਵੇਂ ਸਰਕਾਰਾਂ ਗੱਲਬਾਤ ਸੁਣਨ ਲਈ ਵੀ ਤਿਆਰ ਨਹੀਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀਆਂ ਭਾਈ ਜਗਤਾਰ ਸਿੰਘ ਹਵਾਰਾ,ਭਾਈ ਬਲਵੰਤ ਸਿੰਘ ਰਾਜੋਆਣਾ,ਭਾਈ ਪਰਮਜੀਤ ਸਿੰਘ ਭਿਓਰਾ,ਭਾਈ ਜਗਤਾਰ ਸਿੰਘ ਤਾਰਾ, ਭਾਈ ਦਵਿੰਦਰ



ਪਾਲ ਸਿੰਘ ਭੁੱਲਰ, ਗੁਰਦੀਪ ਸਿੰਘ ਖੇੜਾ ਨੂੰ ਯਰਗਮਾਲ ਬਣਾਇਆ ਹੋਇਆ ਹੈ।

ਭਾਈ ਅੰਮ੍ਰਿਤਪਾਲ ਸਿੰਘ ਸਮੇਤ ਦੇਸ਼ ਭਰ ਵਿੱਚ ਅਨੇਕਾਂ ਰਾਜਸੀ ਬੰਦੀ ਬਣਾਏ ਹੋਏ ਸਨ ਬਹਿਬਲ ਕਲਾਂ ਤੇ ਕੋਟਕਪੂਰਾ ਵਿੱਚ ਸ਼ਾਂਤਮਈ ਧਰਨਿਆਂ ਵਿੱਚ ਕਤਲ ਕਰਨ ਵਾਲੇ ਦੋਸ਼ੀਆਂ ਨਾਲ ਭਗਵੰਤ ਸਿੰਘ ਮਾਨ ਸਰਕਾਰ ਇੱਕ ਮਿੱਕ ਹੈ ਇਸ ਲਈ ਉਹਨਾਂ ਵਿਰੁੱਧ ਕੋਈ ਕਾਰਵਾਈ ਨਹੀਂ ਕਰ ਰਹੀ ਚੌਥੇ ਸਾਲ ਵਿੱਚ ਉਪਰੋਕਤ ਮੁੱਦਿਆਂ ਉੱਪਰ ਚੱਲ ਰਹੇ ਕੌਮੀ ਇਨਸਾਫ ਮੋਰਚੇ ਵੱਲੋਂ ਸੰਘਰਸ਼ ਨੂੰ ਆਰ ਪਾਰ ਦੀ ਲੜਾਈ ਬਣਾਉਣ ਲਈ ਅੱਜ ਦੀ ਮੀਟਿੰਗ ਵਿੱਚ ਗੰਭੀਰ ਵਿਚਾਰਾਂ ਕੀਤੀਆਂ ਗਈਆਂ। ਮੀਟਿੰਗ ਨੇ ਇਹ ਸਪਸ਼ਟ ਕੀਤਾ ਕਿ ਮੋਰਚੇ ਦੀਆਂ ਮੰਗਾਂ ਬੰਦੀ ਸਿੰਘਾਂ ਦੀਆਂ ਰਿਹਾਈਆਂ ਅਤੇ ਗੋਲੀਕਾਂਢ ਦੇ ਦੋਸ਼ੀਆਂ ਨੂੰ ਸਜਾਵਾਂ ਦਿੱਤੀਆਂ ਜਾਣ ਪ੍ਰੰਤੂ ਇਸ ਦੇ ਨਾਲ ਕਿਸਾਨੀ ਅਤੇ ਮਜ਼ਦੂਰਾਂ ਦੀਆਂ ਮੁਸ਼ਕਿਲਾਂ ਅਤੇ ਪਾਕਿਸਤਾਨ ਨਾਲ ਵਪਾਰ ਲਾਂਘਾਖੋਲਣ,ਪੰਜਾਬ ਨਾਲ ਸੰਬੰਧਿਤ ਪਾਣੀਆਂ,ਕਰਜ਼ਾ ਮੁਆਫੀ ਸਮੇਤ ਹਰ ਮੁੱਦੇ ਤੇ ਵੀ ਇੱਕ ਮਜਬੂਤ ਲੋਕ ਲਹਿਰ ਬਣਾਉਣ ਲਈ ਆਵਾਜ਼ ਉਠਾਈ ਜਾਵੇਗੀ।

# 'ਈਡੀ, ਸੀਬੀਆਈ, ਇਨਕਮ ਟੈਕਸ ਤੇ ਚੋਣ ਕਮਿਸ਼ਨ ਬੀਜੇਪੀ ਦੇ ਹਥਿਆਰ ਹਨ ਪਰ ਪੰਜਾਬ ਧਮਕੀਆਂ ਤੋਂ ਨਹੀਂ ਡਰਦਾ'- CM ਮਾਨ

**ਚੰਡੀਗੜ੍ਹ।** ਮੁੱਖ ਮੰਤਰੀ ਭਗਵੰਤ ਮਾਨ ਨੇ ਮੰਤਰੀ ਸੰਜੀਵ ਅਰੋੜਾ ਦੇ ਘਰ ਈ.ਡੀ. ਦੀ ਰੇਡ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਈ.ਡੀ. ਦੀ ਵਰਤੋਂ ਰਾਜਨੀਤਕ ਉਦੇਸ਼ਾਂ ਲਈ ਕਰ ਰਹੀ ਹੈ। ਈਡੀ, ਸੀਬੀਆਈ, ਇਨਕਮ ਟੈਕਸ ਤੇ ਚੋਣ ਕਮਿਸ਼ਨ ਬੀਜੇਪੀ ਦੇ ਹਥਿਆਰ ਹਨ। ਬੀਜੇਪੀ ਆਪਣੀ ਰਾਜਨੀਤੀ ਵਾਸਤੇ ਇਨ੍ਹਾਂ ਦਾ ਇਸਤੇਮਾਲ ਕਰਦੀ ਆ ਰਹੀ। ਈਡੀ ਦੀ ਰੇਡ ਦਾ ਮਕਸਦ ਬੀਜੇਪੀ ਜੁਆਇੰਨ ਕਰਵਾਉਣਾ ਹੁੰਦਾ ਹੈ। ਖਰੜ ਰੇਡ ਬਾਰੇ ਬੋਲਦਿਆਂ ਸੀਐਮ ਭਗਵੰਤ ਮਾਨ ਨੇ ਕਿਹਾ ਕਿ ਦੋ ਦਿਨ ਪਹਿਲਾਂ ਇਕ ਕਾਰੋਬਾਰੀ 'ਤੇ ਈਡੀ ਦੀ ਰੇਡ ਹੋਈ। ਮੰਤਰੀ ਅਮਨ ਅਰੋੜਾ ਦਾ ਨਾਮ ਰੇਡ ਨਾਲ ਜੋੜਿਆ ਗਿਆ ਸੀ। ਅਮਨ ਅਰੋੜਾ ਦੀਆਂ ਕਈ



ਲੋਕਾਂ ਨਾਲ ਤਸਵੀਰਾਂ ਹਨ। ਮੇਰੀਆਂ ਕਈ ਲੋਕਾਂ ਨਾਲ ਤਸਵੀਰਾਂ ਹਨ ਤਾਂ ਕੀ ਅਸੀਂ ਗੁਨਾਹਗਾਰ ਹੋ ਗਏ। ਉਨ੍ਹਾਂ ਅੱਗੇ ਕਿਹਾ ਕਿ ਬੰਗਾਲ ਵਿਚ ਭਾਜਪਾ ਦੇ ਸਹੁੰ ਚੁੱਕਣ ਤੋਂ ਪਹਿਲਾਂ ਹੀ ਪੂਰਾ ਰਾਜ ਅੱਗ ਵਿਚ ਸੜ ਰਿਹਾ ਹੈ। ਭਾਜਪਾ ਨਫ਼ਰਤ ਦੀ ਰਾਜਨੀਤੀ ਕਰਦੀ ਹੈ, ਪਰ ਪੰਜਾਬ ਗੁਰੂਆਂ ਦੀ ਧਰਤੀ ਹੈ, ਇਸ ਤਰ੍ਹਾਂ ਦੀ ਰਾਜਨੀਤੀ ਇਥੇ ਨਹੀਂ ਚੱਲੇਗੀ।ਮੁੱਖ ਮੰਤਰੀ ਮਾਨ ਨੇ ਬੋਲਦਿਆਂ ਕਿਹਾ ਕਿ ਪੰਜਾਬੀਆਂ ਨੇ ਤਿੰਨ ਕਾਲੇ ਖੇਤੀਬਾੜੀ ਕਾਨੂੰਨਾਂ ਅੱਗੇ ਕੇਂਦਰ ਨੂੰ ਝੁਕਾਇਆ ਅਤੇ ਮੋਦੀ ਜੀ ਨੇ ਇਸ ਦੀ ਮੁਆਫ਼ੀ ਵੀ ਮੰਗੀ ਸੀ ਸ਼ਾਇਦ ਮੋਦੀ ਜੀ ਅਜੇ ਵੀ ਦਿਲ 'ਚ ਇਸ ਗੱਲ ਦਾ ਗੁੱਸਾ ਲਈ ਬੈਠੇ ਹਨ। ਕਦੇ ਉਹ ਕਹਿੰਦੇ ਹਨ ਕਿ ਉਹ ਚੰਡੀਗੜ੍ਹ ਨੂੰ ਇਕ ਵੱਖਰਾ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਦੇਣਗੇ। ਉਹ ਇਸ ਲਈ ਇਕ ਵੱਖਰਾ ਰਾਜਪਾਲ ਨਿਯੁਕਤ ਕਰਨਗੇ। ਕਦੇ ਉਹ ਕਹਿੰਦੇ ਹਨ ਕਿ ਪੰਜਾਬ ਯੂਨੀਵਰਸਿਟੀ ਸਾਡੀ ਹੈ। ਕਦੇ ਉਹ ਕਹਿੰਦੇ ਹਨ ਕਿ ਉਹ ਭਾਖੜਾ ਡੈਮ 'ਤੇ ਸੀ.ਆਈ.ਐਫ. ਲਗਾ ਕੇ ਹਰਿਆਣਾ ਨੂੰ ਪਾਣੀ ਦੇਣਗੇ। ਕਦੇ ਉਹ ਕਹਿੰਦੇ ਹਨ ਕਿ ਉਹ ਝੋਨਾ ਨਹੀਂ ਚੁੱਕਣਗੇ, ਉਹ 26 ਜਨਵਰੀ ਨੂੰ ਪੰਜਾਬ ਦੀ ਝਾਂਕੀ ਨਹੀਂ ਦਿਖਾਉਣਗੇ। ਕਦੇ ਉਹ ਕਹਿੰਦੇ ਹਨ ਕਿ ਉਹ ਆਰ.ਡੀ.ਐਫ਼. ਲਈ ਭੁਗਤਾਨ ਨਹੀਂ ਕਰਨਗੇ।

# ਭਾਰਤ ਪਹੁੰਚਿਆ ਇਬੋਲਾ ਵਾਇਰਸ, ਯੂਗਾਂਡਾ ਤੋਂ ਬੰਗਲੁਰੂ ਪਹੁੰਚੀ ਇੱਕ ਔਰਤ ਵਿੱਚ ਦਿਖਾਈ ਦਿੱਤੇ ਲੱਛਣ

**ਨਵੀਂ ਦਿੱਲੀ।** ਦੁਨੀਆ ਭਰ ਵਿੱਚ ਇਬੋਲਾ ਵਾਇਰਸ ਨੂੰ ਲੈ ਕੇ ਚਿੰਤਾਵਾਂ ਵਧ ਰਹੀਆਂ ਹਨ। ਇਸ ਦੌਰਾਨ, ਯੂਗਾਂਡਾ ਦੀ ਇੱਕ 28 ਸਾਲਾ ਔਰਤ ਨੂੰ ਸਾਵਧਾਨੀ ਦੇ ਤੌਰ 'ਤੇ ਬੈਂਗਲੁਰੂ ਦੇ ਇੱਕ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਸਿਹਤ ਵਿਭਾਗ ਨੇ ਤੁਰੰਤ ਕਾਰਵਾਈ ਕੀਤੀ ਅਤੇ ਉਸ ਵਿਚ ਇਬੋਲਾ ਵਰਗੇ ਹਲਕੇ ਲੱਛਣ ਦਿਖਾਈ ਦੇਣ ਤੋਂ ਬਾਅਦ ਉਸਨੂੰ ਨਿਗਰਾਨੀ ਹੇਠ ਰੱਖਿਆ। ਸਿਹਤ ਅਧਿਕਾਰੀਆਂ ਦੇ ਅਨੁਸਾਰ, ਔਰਤ ਹਾਲ ਹੀ ਵਿੱਚ ਇਬੋਲਾ ਪ੍ਰਭਾਵਿਤ ਖੇਤਰ ਤੋਂ ਭਾਰਤ ਆਈ ਸੀ। ਉਹ ਸ਼ੁਰੂ ਵਿੱਚ ਸ਼ਹਿਰ ਦੇ ਇੱਕ ਹੋਟਲ ਵਿੱਚ ਰਹੀ, ਪਰ ਬਾਅਦ ਵਿੱਚ ਸਰੀਰ ਵਿੱਚ ਦਰਦ ਅਤੇ ਕਮਜ਼ੋਰੀ ਦਾ ਅਨੁਭਵ ਹੋਇਆ। ਫਿਰ ਉਸ ਨੂੰ ਬੈਂਗਲੁਰੂ ਦੇ ਸਰਕਾਰੀ ਮਹਾਂਮਾਰੀ ਰੋਗ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਔਰਤ ਦੇ ਨਮੂਨੇ ਲਏ ਗਏ ਹਨ ਅਤੇ ਜਾਂਚ ਲਈ ਪੁਣੇ ਦੇ ਨੈਸ਼ਨਲ ਇੰਸਟੀਚਿਊਟ ਆਫ਼ ਵਾਇਰੋਲੋਜੀ (ੀੜ) ਨੂੰ ਭੇਜ ਦਿੱਤੇ ਗਏ ਹਨ। ਨਤੀਜਿਆਂ ਦੀ ਫਿਲਹਾਲ ਉਡੀਕ ਹੈ। ਅਧਿਕਾਰੀਆਂ ਨੇ ਕਿਹਾ ਕਿ



ਲਾਗ ਦੀ ਪੁਸ਼ਟੀ ਕਰਨ ਲਈ ਪ੍ਰੋਟੋਕੋਲ ਦੇ ਅਨੁਸਾਰ ਦੂਜਾ ਟੈਸਟ ਕੀਤਾ ਜਾਵੇਗਾ। ਡਾਕਟਰਾਂ ਦੀ ਇੱਕ ਟੀਮ ਔਰਤ ਦੀ ਲਗਾਤਾਰ ਨਿਗਰਾਨੀ ਕਰ ਰਹੀ ਹੈ, ਅਤੇ ਉਸ ਦੀ ਹਾਲਤ ਇਸ ਸਮੇਂ ਸਥਿਰ ਦੱਸੀ ਜਾ ਰਹੀ ਹੈ। ਸਿਹਤ ਵਿਭਾਗ ਦਾ ਕਹਿਣਾ ਹੈ ਕਿ ਔਰਤ ਨੇ ਇਬੋਲਾ ਪ੍ਰਭਾਵਿਤ ਖੇਤਰ ਤੋਂ ਯਾਤਰਾ ਕੀਤੀ ਸੀ, ਇਸ ਲਈ ਹਲਕੇ ਲੱਛਣਾਂ ਲਈ ਵੀ ਸਾਵਧਾਨੀ ਵਰਤੀ ਜਾ ਰਹੀ ਹੈ। ਅਧਿਕਾਰੀਆਂ ਨੇ ਲੋਕਾਂ ਨੂੰ ਘਬਰਾਉਣ ਦੀ ਬਜਾਏ ਚੌਕਸ ਰਹਿਣ ਦੀ ਅਪੀਲ ਕੀਤੀ ਹੈ। ਵਿਸ਼ਵ ਸਿਹਤ ਸੰਗਠਨ (ਊੋ) ਨੇ 17 ਮਈ ਨੂੰ ਕਾਂਗੋ ਅਤੇ ਯੂਗਾਂਡਾ ਵਿੱਚ ਇਬੋਲਾ ਦੇ ਪ੍ਰਕੋਪ ਨੂੰ ਅੰਤਰਰਾਸ਼ਟਰੀ ਜਨਤਕ ਸਿਹਤ ਐਮਰਜੈਂਸੀ ਘੋਸ਼ਿਤ ਕੀਤਾ ਸੀ। ਇਸ ਤੋਂ ਬਾਅਦ, ਬਹੁਤ ਸਾਰੇ ਦੇਸ਼ਾਂ ਨੇ ਆਪਣੀ ਨਿਗਰਾਨੀ ਅਤੇ ਸੁਰੱਖਿਆ ਉਪਾਅ ਸਖ਼ਤ ਕਰ ਦਿੱਤੇ ਹਨ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਕਰਨਾਟਕ ਸਿਹਤ ਵਿਭਾਗ ਨੇ 22 ਮਈ ਨੂੰ ਇੱਕ ਸਲਾਹ ਜਾਰੀ ਕੀਤੀ। ਵਿਭਾਗ ਨੇ ਇਬੋਲਾ ਪ੍ਰਭਾਵਿਤ ਅਫਰੀਕੀ ਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਨੂੰ 21 ਦਿਨਾਂ ਤੱਕ ਆਪਣੀ ਸਿਹਤ ਦੀ ਨਿਗਰਾਨੀ ਕਰਨ ਦੀ ਸਲਾਹ ਦਿੱਤੀ। ਜੇਕਰ ਕਿਸੇ ਨੂੰ ਬੁਖਾਰ, ਸਰੀਰ ਵਿੱਚ ਦਰਦ, ਕਮਜ਼ੋਰੀ ਜਾਂ ਹੋਰ ਸ਼ੱਕੀ ਲੱਛਣ ਦਿਖਾਈ ਦਿੰਦੇ ਹਨ, ਤਾਂ ਉਨ੍ਹਾਂ ਨੂੰ ਤੁਰੰਤ ਨਜ਼ਦੀਕੀ ਸਿਹਤ ਕੇਂਦਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਸਿਹਤ ਵਿਭਾਗ ਨੇ ਨਿਗਰਾਨੀ ਲਈ ਰੈਪਿਡ ਰਿਸਪਾਂਸ ਟੀਮਾਂ ਵੀ ਤਾਇਨਾਤ ਕੀਤੀਆਂ ਹਨ, ਜੋ ਸ਼ੱਕੀ ਮਾਮਲਿਆਂ ਦੀ ਨਿਗਰਾਨੀ ਕਰਨਗੀਆਂ। ਬੰਗਲੁਰੂ ਵਿੱਚ, ਰਾਜੀਵ ਗਾਂਧੀ ਇੰਸਟੀਚਿਊਟ ਆਫ਼ ਚੈਸਟ ਡਿਜ਼ੀਜ਼ ਨੂੰ ਇੱਕ ਆਈਸੋਲੇਸ਼ਨ ਸੈਂਟਰ ਨਾਮਜ਼ਦ ਕੀਤਾ ਗਿਆ ਹੈ, ਜਦੋਂ ਕਿ ਮਹਾਂਮਾਰੀ ਰੋਗ ਹਸਪਤਾਲ ਨੂੰ ਕੁਆਰੰਟੀਨ ਅਤੇ ਇਲਾਜ ਕੇਂਦਰ ਵਜੋਂ ਤਿਆਰ ਕੀਤਾ ਗਿਆ ਹੈ।

# ਹੁਸ਼ਿਆਰਪੁਰ ਦੇ ਟਾਂਡਾ ਵਿਖੇ ਕਾਲਜ ਬੱਸ ਦੀ ਲਪੇਟ ਵਿੱਚ ਆਉਣ ਨਾਲ ਮੋਟਰਸਾਈਕਲ ਸਵਾਰ ਮਹਿਲਾ ਸਰਪੰਚ ਦੀ ਮੌਤ

**ਹੁਸ਼ਿਆਰਪੁਰ:** ਅੱਜ ਦੁਪਹਿਰ ਪਿੰਡ ਜਲਾਲਪੁਰ ਦੇ ਨੇੜੇ ਇੱਕ ਨਿੱਜੀ ਕਾਲਜ ਦੀ ਬੱਸ ਦੀ ਲਪੇਟ ਵਿੱਚ ਆਉਣ ਨਾਲ ਮੋਟਰਸਾਈਕਲ ਸਵਾਰ ਮਹਿਲਾ ਸਰਪੰਚ ਦੀ ਮੌਤ ਹੋ ਗਈ, ਜਦੋਂ ਕਿ ਉਸਦੀ ਭਤੀਜੀ ਇਸ ਹਾਦਸੇ ਵਿੱਚ ਜ਼ਖ਼ਮੀ ਹੋ ਗਈ। ਮ੍ਰਿਤਕਾ ਦੀ ਪਛਾਣ 24 ਸਾਲਾ ਨਿਕੀਤਾ ਪਤਨੀ ਸੁਖਵਿੰਦਰ ਨਿਵਾਸੀ ਬਸਤੀ ਬੋਹੜਾਂ ਵਜੋਂ ਹੋਈ ਹੈ। ਨਿਕੀਤਾ ਆਪਣੇ ਪਿੰਡ ਦੀ ਸਰਪੰਚ ਸੀ। ਹਾਦਸੇ ਵਿੱਚ ਜ਼ਖ਼ਮੀ ਹੋਈ ਮ੍ਰਿਤਕਾ ਦੀ ਭਤੀਜੀ ਸੋਨਾਕਸ਼ੀ ਪੁੱਤਰੀ



ਬਲਵਿੰਦਰ ਸਿੰਘ ਨੂੰ ਜ਼ਖ਼ਮੀ ਹਾਲਤ ਵਿੱਚ ਟਾਂਡਾ ਦੇ ਸਰਕਾਰੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਸੂਚਨਾ ਮਿਲਣ 'ਤੇ ਮੌਕੇ 'ਤੇ ਪਹੁੰਚੇ ਬਸਤੀ ਬੋਹੜਾਂ ਪੁਲਿਸ ਚੌਕੀ ਦੇ ਇੰਚਾਰਜ ਰਾਜਵਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਨਿਕੀਤਾ ਦੇ ਪਤੀ ਸੁਖਵਿੰਦਰ ਦੇ ਬਿਆਨਾਂ ਦੇ ਆਧਾਰ 'ਤੇ ਬੱਸ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਨੇ ਬੱਸ ਨੂੰ ਕਬਜ਼ੇ ਵਿੱਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਉਨ੍ਹਾਂ ਦੱਸਿਆ ਕਿ ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਹਾਦਸਾ ਕਿਨ੍ਹਾਂ ਹਾਲਾਤਾਂ ਵਿੱਚ ਹੋਇਆ। ਮ੍ਰਿਤਕਾ ਦੇ ਪਤੀ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪਤਨੀ ਸਿਲਾਈ ਦਾ ਕੰਮ ਕਰਦੀ ਸੀ।

# ਗੁਜਰਾਤ ਦੇ ਮੁੰਦਰਾ ਤੱਟ ਤੋਂ ਇੱਕ ਕੰਟੇਨਰ ਜਹਾਜ਼ 'ਚੋਂ 1,150 ਕਰੋੜ ਰੁਪਏ ਦੀ ਕੋਕੀਨ ਜ਼ਬਤ

**ਅਹਿਮਦਾਬਾਦ :** ਭਾਰਤੀ ਤੱਟ ਰੱਖਿਅਕ (ਆਈ.ਸੀ.ਜੀ.) ਅਤੇ ਗੁਜਰਾਤ ਅੱਤਵਾਦ ਵਿਰੋਧੀ ਦਸਤੇ (ਏ.ਟੀ.ਐਸ.) ਨੇ ਬੁੱਧਵਾਰ ਨੂੰ ਰਾਜ ਦੇ ਮੁੰਦਰਾ ਤੱਟ ਤੋਂ ਇੱਕ ਸਾਂਝੇ ਆਪ੍ਰੇਸ਼ਨ ਵਿੱਚ ਇੱਕ ਕੰਟੇਨਰ ਜਹਾਜ਼ ਤੋਂ ਲਗਭਗ 1,150 ਕਰੋੜ ਰੁਪਏ ਦਾ 115 ਕਿਲੋਗ੍ਰਾਮ ਕੋਕੀਨ ਜ਼ਬਤ ਕੀਤੀ। ਪ੍ਰਾਪ ਹੋਈ ਜਾਣਕਾਰੀ ਅਨੁਸਾਰ ਇਹ ਆਪ੍ਰੇਸ਼ਨ 25 ਅਤੇ 26 ਮਈ ਦੀ ਵਿਚਕਾਰਲੀ ਰਾਤ ਨੂੰ ਕੀਤਾ ਗਿਆ ਸੀ। ਇਹ ਕਾਰਵਾਈ ਸਮੁੰਦਰੀ ਰਸਤੇ ਰਾਹੀਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਬਾਰੇ ਏ.ਟੀ.ਐਸ. ਗੁਜਰਾਤ ਦੁਆਰਾ ਸਾਂਝੀ ਕੀਤੀ ਗਈ ਖਾਸ ਖੁਫੀਆ ਜਾਣਕਾਰੀ ਦੇ ਅਧਾਰ 'ਤੇ ਕੀਤੀ ਗਈ ਸੀ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਏ.ਟੀ.ਐਸ. ਕਰਮਚਾਰੀਆਂ ਨੂੰ ਲੈ ਕੇ ਜਾਣ ਵਾਲੀਆਂ ਆਈ.ਸੀ.ਜੀ. ਇੰਟਰਸੈਪਟਰ ਕਿਸ਼ਤੀਆਂ ਨੇ ਮੁੰਦਰਾ ਐਂਕਰੇਜ ਖੇਤਰ ਵਿੱਚ ਇੱਕ ਵਿਸ਼ਾਲ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ। ਕਾਰਵਾਈ ਦੌਰਾਨ ਮੁੰਦਰਾ ਤੋਂ ਲਗਭਗ ਪੰਜ ਸਮੁੰਦਰੀ ਮੀਲ ਦੂਰ ਲੰਗਰ ਲਗਾਏ ਗਏ 'ਐਮ.ਵੀ. ਯੂਰਪ' ਨਾਮਕ ਇੱਕ ਕੰਟੇਨਰ ਜਹਾਜ਼ 'ਤੇ ਕੁਝ ਸ਼ੱਕੀ ਗਤੀਵਿਧੀ ਦੇਖੀ ਗਈ। ਰਿਲੀਜ਼ ਦੇ ਅਨੁਸਾਰ ਸਾਂਝੀ ਟੀਮ ਨੇ



ਰਾਤ ਦੇ ਹਨ੍ਹੇਰੇ ਵਿੱਚ ਜਹਾਜ਼ ਤੋਂ ਸਮੁੰਦਰ ਵਿੱਚ ਕੁੱਝ ਬੈਗ ਸੁੱਟੇ ਜਾ ਰਹੇ ਦੇਖੇ । ਇਸ ਤੋਂ ਬਾਅਦ ਆਈ.ਸੀ.ਜੀ. ਅਤੇ ਏ.ਟੀ.ਐਸ. ਦੇ ਕਰਮਚਾਰੀ ਤੁਰੰਤ ਮੌਕੇ 'ਤੇ ਪਹੁੰਚੇ ਅਤੇ ਘੱਟ ਦ੍ਰਿਸ਼ਟੀ ਦੇ ਬਾਵਜੂਦ ਸਮੁੰਦਰ ਤੋਂ ਪੰਜ ਬੈਗ ਬਰਾਮਦ ਕੀਤੇ। ਜਾਂਚ ਕਰਨ 'ਤੇ ਬੈਗਾਂ ਵਿੱਚ ਚਿੱਟੇ ਪਾਊਡਰ ਵਰਗੇ ਪਦਾਰਥ ਦੇ 115 ਪੈਕੇਟ ਸਨ, ਹਰੇਕ ਦਾ ਭਾਰ ਲਗਭਗ ਇੱਕ ਕਿਲੋਗ੍ਰਾਮ ਸੀ। ਅਧਿਕਾਰੀਆਂ ਨੇ ਦੱਸਿਆ ਕਿ ਮੁੱਢਲੀ ਜਾਂਚ ਅਨੁਸਾਰ ਇਸ ਪਦਾਰਥ ਦੇ ਕੋਕੀਨ ਹੋਣ ਦੀ ਪੁਸ਼ਟੀ ਕੀਤੀ ਹੈ। ਜਾਣਕਾਰੀ ਅਨੁਸਾਰ ਜ਼ਬਤ ਕੀਤੇ ਗਏ ਨਸ਼ੀਲੇ ਪਦਾਰਥ ਦਾ ਕੁੱਲ ਭਾਰ ਲਗਭਗ 115 ਕਿਲੋਗ੍ਰਾਮ ਹੈ ਅਤੇ ਖੁੱਲ੍ਹੇ ਸਰੋਤਾਂ ਤੋਂ ਅਨੁਮਾਨਾਂ ਅਨੁਸਾਰ, ਅੰਤਰਰਾਸ਼ਟਰੀ ਬਾਜ਼ਾਰ ਵਿੱਚ ਇਸਦੀ ਕੀਮਤ ਲਗਭਗ 1,150 ਕਰੋੜ ਹੈ। ਅਧਿਕਾਰੀਆਂ ਨੇ ਦੱਸਿਆ ਕਿ ਜਹਾਜ਼ ਨੂੰ ਹੋਰ ਜਾਂਚ ਲਈ ਬੰਦਰਗਾਹ 'ਤੇ ਲਿਆਂਦਾ ਗਿਆ ਹੈ, ਅਤੇ ਆਈ.ਸੀ.ਜੀ., ਏ.ਟੀ.ਐਸ. ਗੁਜਰਾਤ ਅਤੇ ਹੋਰ ਏਜੰਸੀਆਂ ਵੱਲੋਂ ਇੱਕ ਸਾਂਝੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਪਿਛਲੇ ਪੰਜ ਸਾਲਾਂ ਵਿੱਚ ਆਈ.ਸੀ.ਜੀ. ਅਤੇ ਏ.ਟੀ.ਐਸ. ਗੁਜਰਾਤ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ 15ਵਾਂ ਸਫਲ ਨਸ਼ੀਲੇ ਪਦਾਰਥ ਵਿਰੋਧੀ ਆਪ੍ਰੇਸ਼ਨ ਸੀ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਕੈਪਟਨ ਅਮਰਿੰਦਰ ਸਿੰਘ ਦੇ ਭਰਾ ਰਾਜਾ ਰਣਧੀਰ ਸਿੰਘ ਦਾ ਦੇਹਾਂਤ

**ਚੰਡੀਗੜ੍ਹ/ ਨਵੀਂ ਦਿੱਲੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਭਰਾ ਅਤੇ ਭਾਰਤ ਦੇ ਪ੍ਰਸਿੱਧ ਖੇਡ ਪ੍ਰਸ਼ਾਸਕ ਰਾਜਾ ਰਣਧੀਰ ਸਿੰਘ ਦਾ ਅੱਜ ਬੁੱਧਵਾਰ 27 ਮਈ ਸਵੇਰੇ ਨਵੀਂ ਦਿੱਲੀ ਵਿਖੇ ਦੇਹਾਂਤ ਹੋ ਗਿਆ। ਉਹ 79 ਸਾਲਾਂ ਦੇ ਸਨ ਅਤੇ ਪਿਛਲੇ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ। ਉਨ੍ਹਾਂ ਦੇ ਚਲੇ ਜਾਣ ਨਾਲ ਖੇਡ ਜਗਤ ਅਤੇ ਸਿਆਸੀ ਹਲਕਿਆਂ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਉਨ੍ਹਾਂ ਨੇ ਟਰੈਪ ਅਤੇ ਸਕੀਟ ਨਿਸ਼ਾਨੇਬਾਜ਼ੀ ਵਿੱਚ 5 ਵਾਰ ਓਲੰਪਿਕ ਖੇਡਾਂ (1968, 1972, 1976, 1980, ਅਤੇ 1984) ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ। ਖੇਡਾਂ ਤੋਂ ਸੰਨਿਆਸ ਲੈਣ ਤੋਂ ਬਾਅਦ ਉਨ੍ਹਾਂ ਨੇ ਦੇਸ਼-ਵਿਦੇਸ਼ ਵਿੱਚ ਖੇਡਾਂ ਦੇ ਪ੍ਰਸ਼ਾਸਨ ਵਿੱਚ ਬਹੁਤ ਵੱਡੀਆਂ ਜ਼ਿੰਮੇਵਾਰੀਆਂ ਨਿਭਾਈਆਂ: ਭਾਰਤੀ ਓਲੰਪਿਕ ਐਸੋਸੀਏਸ਼ਨ ਉਹ 1987 ਤੋਂ 2014 ਤੱਕ ਦੇ ਸਕੱਤਰ ਜਨਰਲ ਰਹੇ। ਅੰਤਰਰਾਸ਼ਟਰੀ ਓਲੰਪਿਕ ਕਮੇਟੀ ਉਹ 2001 ਤੋਂ 2014 ਤੱਕ ਦੇ ਸਰਗਰਮ ਮੈਂਬਰ ਰਹੇ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਆਨਰੇਰੀ ਮੈਂਬਰ ਬਣਾਇਆ



ਗਿਆ। ਏਸ਼ੀਆਈ ਓਲੰਪਿਕ ਕੌਂਸਲ ਉਹ ਲੰਬੇ ਸਮੇਂ ਤੱਕ ਇਸ ਦੇ ਸਕੱਤਰ ਜਨਰਲ ਰਹੇ। ਸਾਲ 2024 ਵਿੱਚ ਉਹ ਏਸ਼ੀਆਈ ਓਲੰਪਿਕ ਕੌਂਸਲ ਦੇ ਪ੍ਰਧਾਨ ਚੁਣੇ ਜਾਣ ਵਾਲੇ ਪਹਿਲੇ ਭਾਰਤੀ ਬਣੇ ਸਨ। ਨਿਸ਼ਾਨੇਬਾਜ਼ੀ ਤੋਂ ਸੰਨਿਆਸ ਲੈਣ ਤੋਂ ਬਾਅਦ ਵੀ ਉਹ ਖੇਡਾਂ ਨਾਲ ਲਗਾਤਾਰ ਜੁੜੇ ਰਹੇ। ਰਾਜਾ ਰਣਧੀਰ ਸਿੰਘ ਦੇ ਦੇਹਾਂਤ 'ਤੇ ਦੇਸ਼-ਵਿਦੇਸ਼ ਦੇ ਪ੍ਰਮੁੱਖ ਖੇਡ ਸਿਤਾਰਿਆਂ, ਸਿਆਸਤਦਾਨਾਂ ਅਤੇ ਪ੍ਰਸ਼ੰਸਕਾਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# 10 ਰੁਪਏ ਮੰਗਣ 'ਤੇ ਸਬਜ਼ੀ ਵਾਲੇ ਦਾ ਕਤਲ, ਦੋ ਨੌਜਵਾਨਾਂ ਨੇ ਡੰਡੇ ਤੇ ਇੱਟ ਨਾਲ ਕੀਤਾ ਵਾਰ

## ਬਚਾਉਣ ਦੀ ਬਜਾਏ ਲੋਕ ਬਾਜ਼ਾਰ 'ਚ ਖੜ੍ਹੇ ਹੋ ਕੇ ਦੇਖਦੇ ਰਹੇ ਤਮਾਸ਼ਾ, ਪੁਲਿਸ ਮੁਲਜ਼ਮਾਂ ਦੀ ਕਰ ਰਹੀ ਭਾਲ

**ਕਰਨਾਲ।** ਹਰਿਆਣਾ ਦੇ ਕਰਨਾਲ ਵਿੱਚ 10 ਰੁਪਏ ਪਿੱਛੇ ਇੱਕ ਸਬਜ਼ੀ ਵਿਕਰੇਤਾ ਦਾ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਪਿਤਾ ਸੰਜੇ ਸੈਣੀ (44) ਵਜੋਂ ਹੋਈ ਹੈ। ਦੋਸ਼ ਹੈ ਕਿ ਦੋ ਨੌਜਵਾਨਾਂ ਨੇ ਉਸ ਵਿਅਕਤੀ 'ਤੇ ਡੰਡੇ ਤੇ ਇੱਟਾਂ ਨਾਲ ਹਮਲਾ ਕੀਤਾ। ਆਪਣੇ ਸਬਜ਼ੀ ਵਿਕਰੇਤਾ ਪਿਓ ਨੂੰ ਬਚਾਉਣ ਆਈ ਧੀ 'ਤੇ ਵੀ ਮੁਲਜ਼ਮਾਂ ਨੇ ਹਮਲਾ ਕਰ ਦਿੱਤਾ। ਧੀ ਨੇ ਇਹ ਵੀ ਕਿਹਾ ਕਿ ਇੰਨੇ ਵੱਡੇ ਬਾਜ਼ਾਰ ਵਿੱਚ ਲੋਕ ਖੜ੍ਹੇ ਹੋ ਕੇ ਤਮਾਸ਼ਾ ਦੇਖ ਰਹੇ ਸਨ, ਪਰ ਕੋਈ ਵੀ ਉਨ੍ਹਾਂ ਨੂੰ ਬਚਾਉਣ ਲਈ ਨਹੀਂ ਆਇਆ। ਹਮਲਾ ਕਰਨ ਤੋਂ ਬਾਅਦ ਦੋਵੇਂ ਮੁਲਜ਼ਮ ਮੌਕੇ ਤੋਂ ਭੱਜ ਗਏ। ਸਬਜ਼ੀ ਵਿਕਰੇਤਾ ਨੂੰ ਜ਼ਖ਼ਮੀ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਜਾਂਚ ਤੋਂ ਬਾਅਦ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਸੈਕਟਰ 32-33 ਥਾਣੇ ਦੀ ਪੁਲਿਸ ਨੇ ਧੀ ਦੀ ਸ਼ਿਕਾਇਤ ਦੇ ਆਧਾਰ 'ਤੇ ਦੋਵਾਂ ਮੁਲਜ਼ਮਾਂ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ। ਘਟਨਾ ਦੀ ਸੀਸੀਟੀਵੀ ਫੁਟੇਜ ਵੀ ਸਾਹਮਣੇ ਆਈ ਹੈ, ਜਿਸ ਵਿੱਚ ਸਬਜ਼ੀ ਵੇਚਣ ਵਾਲਾ ਅਤੇ ਨੌਜਵਾਨ ਇੱਕ ਦੂਜੇ 'ਤੇ ਹਮਲਾ ਕਰਦੇ ਦਿਖਾਈ ਦੇ ਰਹੇ ਹਨ। ਇਸ ਦੌਰਾਨ ਨੌਜਵਾਨ ਨੇ ਇੱਕ ਇੱਟ ਚੁੱਕੀ ਅਤੇ ਸਬਜ਼ੀ ਵੇਚਣ ਵਾਲੇ ਦੇ ਸਿਰ 'ਤੇ ਮਾਰੀ, ਜਿਸ ਕਾਰਨ ਸਬਜ਼ੀ ਵਿਕਰੇਤਾ ਜ਼ਮੀਨ 'ਤੇ ਡਿੱਗ ਪਿਆ। ਬੁਢਾਖੇੜਾ ਪਿੰਡ ਦੀ ਰਹਿਣ ਵਾਲੀ ਸ਼ਿਵਾਨੀ ਨੇ ਆਪਣੀ ਸ਼ਿਕਾਇਤ ਵਿੱਚ



ਪੁਲਿਸ ਨੂੰ ਦੱਸਿਆ ਕਿ ਉਸ ਦੇ ਪਿਤਾ ਸੰਜੇ ਸੈਣੀ (44) ਮੁੱਖ ਸੜਕ 'ਤੇ ਇੱਕ ਨਾਲੇ ਦੇ ਕੋਲ ਸਬਜ਼ੀਆਂ ਅਤੇ ਫਲਾਂ ਦੀ ਦੁਕਾਨ ਚਲਾਉਂਦੇ ਸਨ। 26 ਮਈ ਨੂੰ ਰਾਤ ਲਗਭਗ 9:30 ਵਜੇ, ਉਹ ਆਪਣੀਆਂ ਤਿੰਨ ਭੈਣਾਂ ਅਤੇ ਮਾਂ ਨਾਲ ਦੁਕਾਨ 'ਤੇ ਸੀ। ਦੋ ਨੌਜਵਾਨ ਦੁਕਾਨ ਵਿੱਚ ਆਏ ਅਤੇ ਲਗਭਗ 210 ਰੁਪਏ ਦੇ ਫਲ ਅਤੇ ਸਬਜ਼ੀਆਂ ਖਰੀਦੀਆਂ ਤੇ 200 ਰੁਪਏ ਦੇ ਕੇ ਚਲੇ ਗਏ। ਸ਼ਿਵਾਨੀ ਨੇ ਕਿਹਾ ਕਿ ਜਦੋਂ ਉਸ ਨੇ ਬਾਕੀ ਬਚੇ 10 ਰੁਪਏ ਮੰਗੇ, ਤਾਂ ਦੋਵੇਂ ਮੁਲਜ਼ਮ ਉਸ ਨਾਲ ਬਦਸਲੂਕੀ ਕਰਨ ਲੱਗ ਪਏ। ਹੰਗਾਮਾ ਸੁਣ ਕੇ, ਉਸ ਦੇ ਪਿਤਾ ਸੰਜੇ ਸੈਣੀ ਪਹੁੰਚੇ ਅਤੇ ਉਨ੍ਹਾਂ ਨੂੰ ਬਹਿਸ ਨਾ ਕਰਨ ਲਈ ਕਿਹਾ। ਇਸ ਮੌਕੇ 'ਤੇ ਦੋਵਾਂ ਮੁਲਜ਼ਮਾਂ ਨੇ ਉਸ ਦੇ ਪਿਤਾ ਨੂੰ ਧੱਕਾ ਦਿੱਤਾ। ਬਹਿਸ ਜਲਦੀ ਹੀ ਸਰੀਰਕ ਝਗੜੇ ਵਿੱਚ ਬਦਲ ਗਈ। ਸ਼ਿਵਾਨੀ ਨੇ ਅੱਗੇ ਦੱਸਿਆ ਕਿ ਉਸ ਦੀ ਛੋਟੀ ਭੈਣ ਸਲੋਨੀ ਆਪਣੇ ਪਿਤਾ ਨੂੰ ਬਚਾਉਣ ਲਈ ਡੰਡਾ ਲੈ ਕੇ ਅੱਗੇ ਆਈ। ਮੁਲਜ਼ਮਾਂ ਨੇ ਉਸ ਤੋਂ ਡੰਡਾ ਖੋਹ ਲਿਆ ਅਤੇ ਉਸ ਦੀ ਬਾਂਹ 'ਤੇ ਹਮਲਾ ਕਰ ਦਿੱਤਾ। ਜਦੋਂ ਉਨ੍ਹਾਂ ਦੀ ਮਾਂ ਅਨੂ ਨੇ ਬਚਾਉਣ ਦੀ ਕੋਸ਼ਿਸ਼ ਕੀਤੀ, ਤਾਂ ਮੁਲਜ਼ਮਾਂ ਨੇ ਉਸ 'ਤੇ ਵੀ ਹਮਲਾ ਕਰ ਦਿੱਤਾ। ਇਸ ਦੌਰਾਨ, ਦੋਵਾਂ ਨੌਜਵਾਨਾਂ ਨੇ ਉਸ ਦੇ ਪਿਤਾ ਦੇ ਸਿਰ 'ਤੇ ਡੰਡੇ ਅਤੇ ਇੱਟ ਨਾਲ ਵਾਰ ਕੀਤੇ। ਹਮਲੇ ਤੋਂ ਬਾਅਦ ਮੁਲਜ਼ਮ ਮੌਕੇ ਤੋਂ ਭੱਜ ਗਏ। ਪਰਿਵਾਰ ਨੇ ਜ਼ਖ਼ਮੀ ਸੰਜੇ ਨੂੰ ਤੁਰੰਤ ਕਰਨਾਲ ਸਿਵਲ ਹਸਪਤਾਲ ਪਹੁੰਚਾਇਆ, ਜਿਥੇ ਗੰਭੀਰ ਹਾਲਤ ਨੂੰ ਦੇਖਦੇ ਹੋਏ ਡਾਕਟਰਾਂ ਨੇ ਉਨ੍ਹਾਂ ਨੂੰ ਕਲਪਨਾ ਚਾਵਲਾ ਮੈਡੀਕਲ ਕਾਲਜ ਰੈਫਰ ਕਰਵਾਇਆ ਪਰ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਪੁਲਿਸ ਟੀਮਾਂ ਦੇਰ ਰਾਤ ਹਸਪਤਾਲ ਪਹੁੰਚੀਆਂ ਤੇ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ।

# ਪੰਜਾਬੀ ਮੂਲ ਦੇ ਕੈਨੇਡੀਅਨ ਪਰਬਤਾਰੋਹੀ ਨੇ ਰਚਿਆ ਇਤਿਹਾਸ




**ਬਰੈਂਪਟਨ :** ਬਰੈਂਪਟਨ (ਓਂਟਾਰੀਓ) ਦੇ ਰਹਿਣ ਵਾਲੇ ਪੰਜਾਬੀ ਮੂਲ ਦੇ ਕੈਨੇਡੀਅਨ ਪਰਬਤਾਰੋਹੀ ਅਜੈਪਾਲ ਸਿੰਘ ਧਾਲੀਵਾਲ ਨੇ ਇਤਿਹਾਸ ਰਚਦਿਆਂ ਮਾਊਂਟ ਐਵਰੈਸਟ ਨੂੰ ਸਰ ਕਰਨ ਵਾਲੇ ਪਹਿਲੇ ਕੈਨੇਡੀਅਨ ਪੰਜਾਬੀ ਹੋਣ ਦਾ ਮਾਣ ਪ੍ਰਾਪਤ ਕੀਤਾ ਹੈ। ਹਾਲਾਂਕਿ ਇਹ ਪ੍ਰਾਪਤੀ ਜਿੰਨੀ ਮਾਣਮੱਤੀ ਹੈ, ਉਸ ਤੋਂ ਕਿਤੇ ਵੱਧ ਰੋਮਾਂਚਕ ਅਤੇ ਸੰਘਰਸ਼ਪੂਰਨ ਰਹੀ ਹੈ। ਉਨ੍ਹਾਂ ਦੇ ਦੋਸਤ ਮੋਹਨ ਪਾਲ ਰੰਧਾਵਾ ਨੇ ਸੋਸ਼ਲ ਮੀਡੀਆ 'ਤੇ ਇਸ ਸਾਹਸੀ ਸਫ਼ਰ ਅਤੇ ਮੌਤ ਦੇ ਮੂੰਹੋਂ ਬਾਹਰ ਨਿਕਲਣ ਦੀ ਦਿਲ-ਕੰਬਾਊ ਕਹਾਣੀ ਸਾਂਝੀ ਕੀਤੀ ਹੈ। ਅਜੈਪਾਲ ਸਿੰਘ ਧਾਲੀਵਾਲ 20 ਮਈ 2026 ਨੂੰ ਦੁਨੀਆ ਦੀ ਸਭ ਤੋਂ ਉੱਚੀ ਚੋਟੀ (8,848.86 ਮੀਟਰ) 'ਤੇ ਪਹੁੰਚੇ। ਇਹ ਇੱਕ ਇਤਿਹਾਸਕ ਦਿਨ ਸੀ ਜਦੋਂ ਅਨੁਕੂਲ ਮੌਸਮ ਦੇ ਚਲਦਿਆਂ ਇੱਕੋ ਦਿਨ ਵਿੱਚ 274 ਪਰਬਤਾਰੋਹੀਆਂ ਨੇ ਸਿਖਰ ਨੂੰ ਛੂਹਿਆ ਸੀ। ਇਸ ਮੁਹਿੰਮ ਵਿੱਚ ਅਜੈਪਾਲ ਦੇ ਨਾਲ ਸੰਦੀਪ ਅਰੇ ਅਤੇ ਤੁਲਸੀ ਰੈਡੀ ਪਲਪੂਨੂਰੀ ਵਰਗੇ ਭਾਰਤੀ ਮੂਲ ਦੇ ਪਰਬਤਾਰੋਹੀ ਵੀ ਸ਼ਾਮਲ ਸਨ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਜ਼ਿਲ੍ਹੇ ਦੇ 527 ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ "ਸਿੱਖਿਆ ਦਾ ਮਹਾਂ ਜਸ਼ਨ " ਮੈਗਾ ਪੀ ਟੀ ਐਮ 30 ਨੂੰ - ਸਿੱਖਿਆ ਅਧਿਕਾਰੀ

**ਕਪੂਰਥਲਾ, 27 ਮਈ ( ਕੌੜਾ )–** ਜ਼ਿਲ੍ਹਾ ਕਪੂਰਥਲਾ ਦੇ ਵੱਖ ਵੱਖ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ "ਸਿੱਖਿਆ ਦਾ ਮਹਾਂ ਜਸ਼ਨ " ਮੈਗਾ ਸਕੂਲ ਮੈਨੇਜਮੈਂਟ ਕਮੇਟੀਆਂ ਦੀਆਂ ਮੀਟਿੰਗਾਂ ਜ਼ਿਲ੍ਹਾ ਸਿੱਖਿਆ ਅਧਿਕਾਰੀ ਸ੍ਰੀ ਮਤੀ ਮਮਤਾ ਬਜਾਜ ਤੇ ਉੱਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਡਾਕਟਰ ਬਲਵਿੰਦਰ ਸਿੰਘ ਬੱਟੂ ਦੀ ਅਗਵਾਈ ਤੇ ਜਿਲ੍ਹਾ ਕੋਆਰਡੀਨੇਟਰ ਹਰਮਿੰਦਰ ਸਿੰਘ ਜੋਸਨ ਦੀ ਦੇਖ ਰੇਖ ਹੇਠ ਆਯੋਜਿਤ ਹੋਣਗੀਆਂ । ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਿੱਖਿਆ ਅਧਿਕਾਰੀ ਸ੍ਰੀਮਤੀ ਮਮਤਾ ਬਜਾਜ ਤੇ ਉੱਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਨੇ ਦੱਸਿਆ ਕਿ ਜ਼ਿਲ੍ਹੇ ਦੇ ਸਾਰੇ ਸਕੂਲਾਂ ਵਿੱਚ ਵੱਡੀ ਗਿਣਤੀ ਵਿੱਚ ਐੱਸ ਐੱਮ ਸੀ ਮੈਂਬਰਾਂ, ਪੰਚਾਇਤਾਂ ਦੇ ਨੁਮਾਇੰਦਿਆਂ ਤੇ ਪਿੰਡਾਂ ਦੇ ਮੋਹਤਬਰ ਵਿਅਕਤੀਆਂ ਤੋਂ ਇਲ-ਾਵਾ ਬੱਚਿਆਂ ਦੇ ਮਾਪਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲੈਣਗੇ। ਸਿੱਖਿਆ ਅਧਿਕਾਰੀਆਂ ਨੇ ਦੱਸਿਆ ਕਿ ਮੀਟਿੰਗ ਦਾ ਮੁੱਖ ਏਜੰਡਾ ਸਿੱਖਿਆ ਦੇ ਖੇਤਰ ਵਿਚ,



ਗੁਣਵੱਤਾ ਸਿੱਖਿਆ ਵਿੱਚ ਪੰਜਾਬ ਬਾਕੀ ਸੂਬਿਆਂ ਦੇ ਮੁਕਾਬਲੇ ਵਿੱਚ ਪਹਿਲੇ ਨੰਬਰ ਤੇ ਆਉਣ ਦੀ ਖੁਸੀ ਵਿੱਚ ਇਸ ਮੈਗਾ ਪੀ ਟੀ ਐੱਮ ਜਸ਼ਨ ਦੇ ਤੌਰ ਤੇ ਮਨਾਉਣਾ ਹੈ, ਇਸ ਦੇ ਨਾਲ ਹੀ ਵਿਦਿਅਕ ਸੈਸਨ 2025-26 ਵਿੱਚ ਪਹਿਲੇ, ਦੂਜੇ ਤੇ ਤੀਜੇ ਸਥਾਨ ਤੇ ਆਉਣ ਵਾਲਿਆਂ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਤੋਂ ਇਲਾਵਾ ਇਸ ਦੌਰਾਨ ਸਕੂਲ ਮੁੱਖੀਆਂ ਵੱਲੋਂ ਹਾਜ਼ਰ ਪਤਵੰਤਿਆਂ, ਸਕੂਲ ਮੈਨੇਜਮੈਂਟ ਕਮੇਟੀ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਤੋਂ ਪਹਿਲੀ ਜਮਾਤ ਤੋਂ ਲੈ ਕੇ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦੀ ਵਿਦਿਅਕ ਅਤੇ ਸਹਿ ਵਿਦਿਅਕ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ ਜਾਵੇਗਾ। ਉਹਨਾਂ ਕਿਹਾ ਕਿ ਇਸ ਦੌਰਾਨ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਸਕੂਲ ਮੈਨੇਜਮੈਂਟ ਕਮੇਟੀ ਦੇ ਅਹੁਦੇਦਾਰਾਂ ਅਤੇ ਪਤਵੰਤਿਆਂ ਦਾ ਸਹਿਯੋਗ ਮੰਗਿਆ ਜਾਵੇਗਾ। ਸਕੂਲ ਮੁਖੀਆਂ ਨੇ ਹਾਜ਼ਰੀਨ ਨੂੰ ਸਕੂਲ ਵਿੱਚ ਸੰਪਨ ਹੋਏ ਅਤੇ ਚੱਲ ਰਹੇ ਵਿਕਾਸ ਕਾਰਜਾਂ ਬਾਰੇ ਵੀ ਜਾਣੂ ਕਰਵਾਉਣ ਅਤੇ ਸਕੂਲਾਂ ਵਿੱਚ ਸਾਫ ਸਫਾਈ ਬਾਰੇ ਹਾਜ਼ਰੀਨ ਨੂੰ ਸਕੂਲਾਂ ਦਾ ਗੇੜਾ ਵੀ ਮਰਵਾਇਆ ਜਾਵੇ । ਅਧਿਕਾਰੀਆਂ ਨੇ ਦੱਸਿਆ ਕਿ ਇਸ "ਸਿੱਖਿਆ ਦਾ ਮਹਾਂ ਜਸ਼ਨ " ਮੈਗਾ ਪੀ ਟੀ ਐੱਮ ਦੌਰਾਨ ਬੱਚਿਆਂ ਦੇ ਮਾਪਿਆਂ ਨੂੰ ਉਹਨਾਂ ਦੇ ਛੁੱਟੀਆਂ ਦੇ ਕੰਮ ਤੋਂ ਵੀ ਜਾਣੂ ਕਰਵਾਇਆ ਜਾਵੇਗਾ। ਉਹਨਾਂ ਨੇ ਸਕੂਲ ਮੈਨੇਜਮੈਂਟ ਕਮੇਟੀ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਤੋਂ ਇਲਾਵਾ ਪਿੰਡ ਪੰਚਾਇਤ ਤੇ ਹੋਰ ਪਤਵੰਤੇ ਸੱਜਣਾਂ ਇਸ ਮੈਗਾ ਪੀ ਟੀ ਐੱਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ।

# ਬਰਨਾਲਾ ਚੌਂਕ ਨੇੜੇ ਕਬਾੜ ਦੀ ਦੁਕਾਨ ਨੂੰ ਭਿਆਨਕ ਅੱਗ, ਲੱਖਾਂ ਦਾ ਨੁਕਸਾਨ





**ਰਾਏਕੋਟ :** ਗੁਰਭਿੰਦਰ ਗੁਰੀ ਅੱਜ ਦੁਪਹਿਰੇ ਸਥਾਨਕ ਬਰਨਾਲਾ ਚੌਂਕ ਨੇੜੇ ਗੁਰਦਾਸ ਮਾਰਕੀਟ ਵਿੱਚ ਸਥਿਤ ਇੱਕ ਕਬਾੜ ਦੀ ਦੁਕਾਨ ਵਿੱਚ ਅਚਾਨਕ ਅੱਗ ਲੱਗ ਗਈ, ਜਿਸ ਕਾਰਨ ਦੁਕਾਨਦਾਰ ਦਾ ਕਾਫੀ ਨੁਕਸਾਨ ਹੋ ਗਿਆ। ਅੱਗ ਇੰਨੀ ਤੇਜ਼ੀ ਨਾਲ ਫੈਲੀ ਕਿ ਨੇੜਲੇ ਦੁਕਾਨਦਾਰਾਂ ਵਿੱਚ ਹੜਕੰਪ ਮਚ ਗਿਆ।

ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਦੁਕਾਨ ਮਾਲਕ ਜੰਟੀ ਪੁੱਤਰ ਜਪਾਨ ਵਾਸੀ ਸਹਿਬ-ਾਜਪੁਰਾ ਰੋਡ ਰਾਏਕੋਟ ਨੇ ਦੱਸਿਆ ਕਿ ਉਹ ਬਰਨਾਲਾ ਚੌਂਕ ਨੇੜੇ ਗੁਰਦਾਸ ਮਾਰਕੀਟ ਵਿੱਚ ਕਬਾੜ ਦਾ ਕੰਮ ਕਰਦਾ ਹੈ। ਅੱਜ ਦੁਪਹਿਰ ਸਮੇਂ ਉਹ ਕਬਾੜ ਲੈਣ ਲਈ ਇਲਾਕੇ ਵਿੱਚ ਗਿਆ ਹੋਇਆ ਸੀ, ਜਦਕਿ ਉਸਦਾ ਭਾਣਜਾ ਗਗਨ ਦੁਕਾਨ ’ਤੇ ਮੌਜੂਦ ਸੀ।

ਇਸ ਦੌਰਾਨ ਨੇੜਲੀ ਦੁਕਾਨ ’ਤੇ ਆਏ ਇੱਕ ਵਿਅਕਤੀ ਨੇ ਜਾਣਕਾਰੀ ਦਿੱਤੀ ਕਿ ਉਨ੍ਹਾਂ ਦੀ ਦੁਕਾਨ ਵਿੱਚੋਂ ਧੂੰਆਂ ਨਿਕਲ ਰਿਹਾ ਹੈ।

ਜਦ ਗਗਨ ਨੇ ਅੰਦਰ ਜਾ ਕੇ ਦੇਖਿਆ ਤਾਂ ਕਬਾੜ ਨੂੰ ਅੱਗ ਲੱਗੀ ਹੋਈ ਸੀ, ਜੋ ਕੁਝ ਹੀ ਸਮੇਂ ਵਿੱਚ ਭਿਆਨਕ ਰੂਪ ਧਾਰ ਗਈ। ਨੇੜਲੇ ਦੁਕਾਨਦਾਰਾਂ ਨੇ ਤੁਰੰਤ ਆਪਣੀਆਂ ਦੁਕਾਨਾਂ ’ਤੇ ਲੱਗੇ ਟੂੱਲੂ ਪੰਪਾਂ ਰਾਹੀਂ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ, ਪਰ ਅੱਗ ਤੇਜ਼ੀ ਨਾਲ ਫੈਲਦੀ ਰਹੀ। ਇਸ ਤੋਂ ਬਾਅਦ ਨਗਰ ਕੌਂਸਲ ਦਫਤਰ ਨੂੰ ਸੂਚਨਾ ਦਿੱਤੀ ਗਈ।

ਨਗਰ ਕੌਂਸਲ ਵੱਲੋਂ ਭੇਜੇ ਗਏ ਟੈਂਕਰ ਦੀ ਮਦਦ ਨਾਲ ਵੀ ਅੱਗ ’ਤੇ ਕਾਬੂ ਨਹੀਂ ਪਾਇਆ ਜਾ ਸਕਿਆ। ਕਰੀਬ ਇੱਕ ਘੰਟੇ ਬਾਅਦ ਮੁੱਲਾਂਪੁਰ ਤੋਂ ਫਾਇਰ ਬ੍ਰਿਗੇਡ ਦੀ ਗੱਡੀ ਮੌਕੇ ’ਤੇ ਪੁੱਜੀ, ਜਿਸ ਨੇ ਕਾਫੀ ਜੱਦੋਜਹਿਦ ਤੋਂ ਬਾਅਦ ਅੱਗ ’ਤੇ ਕਾਬੂ ਪਾਇਆ।

ਦੁਕਾਨਦਾਰ ਜੰਟੀ ਨੇ ਦੱਸਿਆ ਕਿ ਅੱਗ ਕਾਰਨ ਉਸ ਦਾ ਕਾਫੀ ਨੁਕਸਾਨ ਹੋਇਆ ਹੈ। ਉੱਧਰ, ਇਲਾਕਾ ਨਿਵਾਸੀਆਂ ਨੇ ਨਗਰ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਰਾਏਕੋਟ ਵਿਖੇ ਫਾਇਰ ਬ੍ਰਿਗੇਡ ਦੀ ਗੱਡੀ ਤੈਨਾਤ ਕੀਤੀ ਜਾਵੇ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਦੌਰਾਨ ਸਮੇਂ ਸਿਰ ਮਦਦ ਮਿਲ ਸਕੇ।

# ਬੈਂਸ ਗੋਤ ਜਠੇਰਿਆਂ ਦਾ ਸਾਲਾਨਾ ਜੋੜਮੇਲਾ ਸ਼ਰਧਾ ਪੂਰਵਕ ਮਨਾਇਆ



**ਮਾਹਿਲਪੁਰ (ਚਰਨਜੀਤ ਸੱਲ੍ਹਾ )**ਬੈਂਸ ਗੋਤ ਜਠੇਰੇ ਪਿੰਡ ਕੋਠੀ ਦਾ 30ਵਾਂ ਸਾਲਾਨਾ ਜੋੜਮੇਲਾ ਪ੍ਰਬੰਧਕ ਕਮੇਟੀ, ਐੱਨ. ਆਰ. ਆਈ. ਅਤੇ ਸੰਗਤ ਦੇ ਸਹਿਯੋਗ ਨਾਲ਼ ਸ਼ਰਧਾ ਪੂਰਵਕ ਮਨਾਇਆ ਗਿਆ ।ਨਿਸ਼ਾਨ ਸਾਹਿਬ ਚੜ੍ਹਾਉਣ ਅਤੇ ਧਾਰਮਿਕ ਰਸਮਾਂ ਨਿਭਾਉਣ ਉਪਰੰਤ ਸ੍ਰੀ ਗੁਰੂ ਰਵਿਦਾਸ ਅੰਮ੍ਰਿਤਬਾਣੀ ਦੇ ਪਾਠ ਦੇ ਭੋਗ ਪਾਏ ਗਏ ।ਧਾਰਮਿਕ ਦੀਵਾਨ ਸਜਾਏ ਗਏ, ਜਿਸ ਵਿੱਚ ਮਿਸ਼ਨਰੀ ਗਾਇਕ ਰਾਜ ਦਦਰਾਲ, ਸੋਨਾ ਬੈਂਸ, ਅਵਤਾਰ ਤਾਰੀ ਨੇ ਧਾਰਮਿਕ ਤੇ ਮਿਸ਼ਨਰੀ ਗੀਤਾਂ ਨਾਲ਼ ਸੰਗਤਾਂ ਨੂੰ ਜੋੜਿਆ ।ਕਮੇਟੀ ਪ੍ਰਧਾਨ ਰਾਮ ਲੁਭਾਇਆ ਤੇ ਮੈਂਬਰਾਂ ਨੇ ਦਾਨੀ ਸੱਜਣਾ ਤੇ ਕਲਾਕਾਰਾਂ ਨੂੰ ਸਰੋਪੇ ਪਾ ਕੇ ਸਨਮਾਨਿਤ ਕੀਤਾ ਗਿਆ ।ਇਸ ਮੌਕੇ ਪ੍ਰਧਾਨ ਰਾਮ ਲੁਭਾਇਆ, ਮਲਕੀਤ ਮੰਢਾਲੀ ਤੇ ਮਹਿੰਦਰ ਬੈਂਸ ਨੇ ਕਿਹਾ ਕਿ ਭਾਈਚਾਰਕ ਸਾਂਝ ਬਣਾਉਣ ਦੇ ਨਾਲ਼ ਨਾਲ਼ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਉਣਾ ਚਾਹੀਦਾ ਹੈ, ਨਸ਼ਿਆਂ ਤੋਂ ਹਮੇਸ਼ਾਂ ਦੂਰ ਰਹਿਣਾ ਚਾਹੀਦਾ ਹੈ ।ਸਟੇਜ ਸਕੱਤਰ ਦੀ ਭੂਮਿਕਾ ਜੋਗਿੰਦਰ ਸਿੰਘ ਅੱਪਰਾ ਨੇ ਨਿਭਾਈ ।ਗੁਰੂ ਦੇ ਅਟੁੱਟ ਲੰਗਰ ਵਰਤਾਏ ਗਏ, ਠੰਡੇ ਮਿੱਠੇ ਜਲ ਦੀਆਂ ਸ਼ਬੀਲਾਂ ਲਗਾਈਆਂ ਗਈਆਂ ।ਪ੍ਰਬੰਧਕ ਕਮੇਟੀ ਪ੍ਰਧਾਨ ਸ੍ਰੀ ਰਾਮ ਲੁਭਾਇਆ, ਮਦਨ ਸਿੰਘ ਬੈਂਸ ਜਨਰਲ ਸਕੱਤਰ, ਮਹਿੰਦਰ ਬੈਂਸ ਮੰਢਾਲੀ ਕੈਸ਼ੀਅਰ, ਸੁਰਿੰਦਰ ਸਿੰਘ ਬੈਂਸ, ਮਲਕੀਤ ਮੰਢਾਲੀ, ਗੁਰਚਰਨ ਸਿੰਘ ਬੈਂਸ, ਗੁਰਪ੍ਰੀਤ ਬੈਂਸ ਭਾਣੋਕੀ, ਸੇਵਾਦਾਰ ਗੁਰਮੇਲ ਚੰਦ, ਹਰਜਿੰਦਰ ਬੈਂਸ, ਗਿਆਨ ਬਹੂਆ, ਆਤਮਾ ਰਾਮ ਬੈਂਸ, ਨਿਰਮਲ ਸਿੰਘ ਐੱਸ. ਡੀ. ਓ., ਧਰਮਾ ਬੈਂਸ ਘੁੰਮਣਾ, ਰਾਮ ਪਾਲ ਬੈਂਸ, ਸੋਮ ਨਾਥ ਬੈਂਸ, ਬਲਰਾਮ ਬੈਂਸ, ਹਰੀ ਸਿੰਘ ਬੂਥਗੜ੍ਹ, ਸੁਰਜੀਤ ਸਿੰਘ, ਚੈਂਚਲ ਸਿੰਘ, ਹਰਮੇਸ਼ ਭਾਣੋਕੀ, ਰੇਸ਼ਮ ਸਿੰਘ ਨੇ ਜੋੜਮੇਲੇ ਨੂੰ ਸਫਲ ਬਣਾਉਣ ਵਿੱਚ ਸੇਵਾਵਾਂ ਦਿੱਤੀਆਂ ।

# ਪੱਤਰਕਾਰ ਰਤਨਦੀਪ ਸਿੰਘ ਧਾਲੀਵਾਲ ਦੇ ਘਰ ਪੁਲਿਸ ਛਾਪੇਮਾਰੀ ਦੀ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਵੱਲੋਂ ਤਿੱਖੀ ਨਿੰਦਾ

**ਸ਼ਹੀਦ ਭਗਤ ਸਿੰਘ ਨਗਰ, 27 ਮਈ( ਚਰਨਜੀਤ ਸੱਲ੍ਹਾ):-** ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਨੇ ਪੱਤਰਕਾਰ ਰਤਨਦੀਪ ਸਿੰਘ ਧਾਲੀਵਾਲ ਦੇ ਘਰ ਵੱਖ-ਵੱਖ ਜ਼ਿਲ੍ਹਿਆਂ ਦੀ ਪੁਲਿਸ ਵੱਲੋਂ ਕੀਤੀ ਗਈ ਛਾਪੇਮਾਰੀ ਨੂੰ ਪ੍ਰੈੱਸ ਦੀ ਆਜ਼ਾਦੀ ‘ਤੇ ਗੰਭੀਰ ਹਮਲਾ ਕਰਾਰ ਦਿੰਦਿਆਂ ਇਸ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਯੂਨੀਅਨ ਦੇ ਚੇਅਰਮੈਨ ਬਲਬੀਰ ਸਿੰਘ ਜੰਡੂ, ਪ੍ਰਧਾਨ ਜੈ ਸਿੰਘ ਛਿੱਬਰ ਅਤੇ ਸਕੱਤਰ ਜਨਰਲ ਸੰਤੋਖ ਗਿੱਲ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਲੋਕਤੰਤਰ ਵਿੱਚ ਮੀਡੀਆ ਚੌਥੇ ਥੰਮ੍ਹ ਵਜੋਂ ਕੰਮ ਕਰਦਾ ਹੈ ਅਤੇ ਪੱਤਰਕਾਰਾਂ ਨੂੰ ਡਰਾਉਣ ਜਾਂ ਦਬਾਉਣ ਦੀ ਹਰ ਕੋਸ਼ਿਸ਼ ਲੋਕਤੰਤਰਕ ਕਦਰਾਂ-ਕੀਮਤਾਂ ਦੇ ਖ਼ਿਲਾਫ਼ ਹੈ। ਇਸ ਮਾਮਲੇ ਸਬੰਧੀ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਇਕਾਈ ਦੇ ਜ਼ਿਲ੍ਹਾ ਪ੍ਰਧਾਨ ਜਸਬੀਰ ਸਿੰਘ ਨੂਰਪੁਰ, ਜ਼ਿਲ੍ਹਾ ਜਨਰਲ ਸਕੱਤਰ ਡਾ ਨਵਕਾਂਤ ਭਰੋਮਜਾਰਾ ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਵੀ ਇਸ ਕਾਰਵਾਈ ‘ਤੇ ਗਹਿਰੀ ਚਿੰਤਾ ਜਤਾਈ ਗਈ।



ਆਗੂਆਂ ਨੇ ਕਿਹਾ ਕਿ ਜੇਕਰ ਕਿਸੇ ਖ਼ਬਰ ਜਾਂ ਰਿਪੋਰਟ ਨੂੰ ਲੈ ਕੇ ਸਰਕਾਰ, ਪ੍ਰਸ਼ਾਸਨ ਜਾਂ ਕਿਸੇ ਰਾਜਨੀਤਿਕ ਆਗੂ ਨੂੰ ਇਤਰ-ਾਜ਼ ਹੈ ਤਾਂ ਕਾਨੂੰਨੀ ਅਤੇ ਸੰਵਿਧਾਨਕ ਤਰੀਕੇ ਮੌਜੂਦ ਹਨ। ਪਰ ਪੱਤਰਕਾਰਾਂ ਦੇ ਘਰਾਂ ‘ਤੇ ਪੁਲਿਸ ਭੇਜ ਕੇ ਦਬਾਅ ਬਣਾਉਣਾ ਬਿਲਕੁਲ ਗਲਤ ਅਤੇ ਨਿੰਦਣਯੋਗ ਕਦਮ ਹੈ। ਯੂਨੀਅਨ ਆਗੂਆਂ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਨਾਲ ਪੱਤਰਕਾਰ ਭਾਈਚਾਰੇ ਵਿੱਚ ਡਰ ਅਤੇ ਅਸੁਰੱਖਿਆ ਦਾ ਮਾਹੌਲ ਪੈਦਾ ਹੁੰਦਾ ਹੈ, ਜੋ ਕਿ ਆਜ਼ਾਦ ਅਤੇ ਨਿਰਪੱਖ ਪੱਤਰਕਾਰਤਾ ਲਈ ਘਾਤਕ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਪਿਛਲੇ ਕੁਝ ਸਮੇਂ ਤੋਂ ਆਲੋਚਨਾਤਮਕ ਖ਼ਬਰਾਂ ਕਰਨ ਵਾਲੇ ਪੱਤਰਕਾਰਾਂ ‘ਤੇ ਦਬਾਅ ਬਣਾਉਣ ਦੀਆਂ ਕੋਸ਼ਿਸ਼ਾਂ ਵਧ ਰਹੀਆਂ ਹਨ, ਜਿਸ ਨੂੰ ਕਿਸੇ ਵੀ ਕੀਮਤ ‘ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਆਗੂਆਂ ਨੇ ਸੂਬਾ ਸਰਕਾਰ ਅਤੇ ਸੱਤਾਧਾਰੀ ਧਿਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪੱਤਰਕਾਰਾਂ ਦੀ ਆਵਾਜ਼ ਦਬਾਉਣ ਦੀਆਂ ਕੋਸ਼ਿਸ਼ਾਂ ਨਾ ਰੁਕੀਆਂ ਤਾਂ ਯੂਨੀਅਨ ਵੱਲੋਂ ਸੂਬਾ ਪੱਧਰ ‘ਤੇ ਸੰਘਰਸ਼ ਦੀ ਰਣਨੀਤੀ ਤਿਆਰ ਕੀਤੀ ਜਾਵੇਗੀ। ਉਨ੍ਹਾਂ ਮੰਗ ਕੀਤੀ ਕਿ ਪੱਤਰਕਾਰ ਰਤਨਦੀਪ ਸਿੰਘ ਧਾਲੀਵਾਲ ਦੇ ਮਾਮਲੇ ਦੀ ਨਿਰਪੱਖ ਜਾਂਚ ਕਰਵਾਈ ਜਾਵੇ ਅਤੇ ਭਵਿੱਖ ਵਿੱਚ ਅਜਿਹੀਆਂ ਕਾਰਵਾਈਆਂ ਤੋਂ ਗੁਰੇਜ਼ ਕੀਤਾ ਜਾਵੇ। ਅੰਤ ਵਿੱਚ ਯੂਨੀਅਨ ਆਗੂਆਂ ਨੇ ਪੰਜਾਬ ਦੇ ਇਨਸਾਫ਼ਪਸੰਦ ਲੋਕਾਂ, ਸਮਾਜਿਕ ਸੰਸਥਾਵਾਂ ਅਤੇ ਲੋਕਤੰਤਰ ਵਿੱਚ ਵਿਸ਼ਵਾਸ ਰੱਖਣ ਵਾਲੇ ਹਰ ਵਰਗ ਨੂੰ ਅਪੀਲ ਕੀਤੀ ਕਿ ਉਹ ਮੀਡੀਆ ਦੀ ਆਜ਼ਾਦੀ ਅਤੇ ਪੱਤਰਕਾਰਾਂ ਦੇ ਸੰਵਿਧਾਨਕ ਹੱਕਾਂ ਦੀ ਰੱਖਿਆ ਲਈ ਇਕਜੁੱਟ ਹੋ ਕੇ ਅੱਗੇ ਆਉਣ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# 30 ਮਈ ਦੀ ਚੰਡੀਗੜ੍ਹ ਕਨਵੈਂਸ਼ਨ ਵਿੱਚ ਭਰਵੀਂ ਸ਼ਮੂਲੀਅਤ ਕਰੇਗਾ 'ਸਾਂਝਾ ਕਿਸਾਨ ਮਜ਼ਦੂਰ ਮੋਰਚਾ': ਕਰਨ ਸਿੰਘ ਰਾਣਾ



**ਨਵਾਂਸ਼ਹਿਰ, 27 ਮਈ (ਜਤਿੰਦਰਪਾਲ ਸਿੰਘ ਕਲੇਰ):** 'ਪਿੰਡ ਬਚਾਓ, ਪੰਜਾਬ ਬਚਾਓ' ਮੁਹਿੰਮ ਦੇ ਸੱਦੇ 'ਤੇ 30 ਮਈ ਨੂੰ ਚੰਡੀਗੜ੍ਹ ਵਿਖੇ ਹੋਣ ਜਾ ਰਹੀ ਵਿਸ਼ਾਲ ਕਨਵੈਂਸ਼ਨ ਵਿੱਚ ਸਾਂਝਾ ਕਿਸਾਨ ਮਜ਼ਦੂਰ ਮੋਰਚਾ (ਭਾਈ ਲਾਲੋ ਲੋਕ ਮੰਚ ਪੰਜਾਬ) ਵੱਲੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ। ਇਹ ਫੈਸਲਾ ਅੱਜ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਵਿਖੇ ਸਾਥੀ ਕਰਨੈਲ ਸਿੰਘ ਭੱਲਾ ਦੀ ਪ੍ਰਧਾਨਗੀ ਹੇਠ ਹੋਈ ਜ਼ਿਲ੍ਹਾ ਆਗੂਆਂ ਦੀ ਇੱਕ ਅਹਿਮ ਮੀਟਿੰਗ ਦੌਰਾਨ ਲਿਆ ਗਿਆ। ਮੀਟਿੰਗ ਦੇ ਫੈਸਲਿਆਂ ਬਾਰੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਸੂਬਾਈ ਆਗੂ ਸਾਥੀ ਕਰਨ ਸਿੰਘ ਰਾਣਾ ਨੇ ਦੱਸਿਆ ਕਿ ਇਹ ਕਨਵੈਂਸ਼ਨ ਚੰਡੀਗੜ੍ਹ ਦੇ ਸੈਕਟਰ 28-ਏ ਸਥਿਤ ਸਿੰਘ ਸਭਾ ਗੁਰਦੁਆਰਾ ਵਿਖੇ ਕਰਵਾਈ ਜਾ ਰਹੀ ਹੈ। ਇਸ ਦੌਰਾਨ ਪੰਜਾਬ ਦੇ ਭਖਦੇ ਮੁੱਦਿਆਂ, ਦੇਸ਼ ਦੇ ਫੈਡਰਲ ਢਾਂਚੇ ਨੂੰ ਮਜ਼ਬੂਤ ਕਰਨ, ਪਾਣੀਆਂ ਦੇ ਮਸਲੇ ਅਤੇ ਚੰਡੀਗੜ੍ਹ ਸਮੇਤ ਕਈ ਅਹਿਮ ਰਾਜਨੀਤਿਕ ਤੇ ਸਮਾਜਿਕ ਵਿਸ਼ਿਆਂ 'ਤੇ ਪੰਜਾਬ ਦੇ ਪ੍ਰਮੁੱਖ ਚਿੰਤਕ ਅਤੇ ਵੱਖ-ਵੱਖ ਸਿਆਸੀ ਧਿਰਾਂ ਦੇ ਆਗੂ ਆਪਣੇ ਵਿਚਾਰ ਸਾਂਝੇ ਕਰਨਗੇ। ਇਸ ਮੀਟਿੰਗ ਦੌਰਾਨ ਆਗੂਆਂ ਵੱਲੋਂ ਸਰਬਸੰਮਤੀ ਨਾਲ ਇੱਕ ਮਤਾ ਵੀ ਪਾਸ ਕੀਤਾ ਗਿਆ, ਜਿਸ ਵਿੱਚ ਕੇਂਦਰ ਤੇ ਸੂਬਾ ਸਰਕਾਰਾਂ ਤੋਂ ਮੰਗ ਕੀਤੀ ਗਈ ਕਿ ਡੀਜ਼ਲ, ਪੈਟਰੋਲ ਅਤੇ ਰਸੋਈ ਗੈਸ ਦੀਆਂ ਵਧੀਆਂ ਹੋਈਆਂ ਕੀਮਤਾਂ ਨੂੰ ਤੁਰੰਤ ਵਾਪਸ ਲਿਆ ਜਾਵੇ। ਮਤੇ ਰਾਹੀਂ ਦੇਸ਼ ਵਿੱਚ ਲਗਾਤਾਰ ਵਧ ਰਹੀ ਮਹਿੰਗਾਈ ਨੂੰ ਨੱਥ ਪਾਉਣ ਅਤੇ ਕਿਸਾਨਾਂ ਲਈ ਖੇਤੀ ਖਾਦਾਂ ਦੀ ਨਿਰਵਿਘਨ ਸਪਲਾਈ ਦੇ ਨਾਲ-ਨਾਲ ਉਨ੍ਹਾਂ ਨੂੰ ਸਸਤੇ ਰੇਟਾਂ 'ਤੇ ਖਾਦਾਂ ਮੁਹੱਈਆ ਕਰਵਾਉਣਾ ਯਕੀਨੀ ਬਣਾਉਣ ਦੀ ਜ਼ੋਰਦਾਰ ਮੰਗ ਕੀਤੀ ਗਈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਪਾਲ ਸਿੰਘ ਮੱਕੋਵਾਲ, ਮੋਹਨ ਲਾਲ ਕੈਂਥ, ਮਨੋਹਰ ਟੌਂਸਾ ਅਤੇ ਪ੍ਰਤਾਪ ਸਿੰਘ ਸਮੇਤ ਕਈ ਪ੍ਰਮੁੱਖ ਆਗੂ ਹਾਜ਼ਰ ਸਨ, ਜਿਨ੍ਹਾਂ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਮੌਜੂਦਾ ਹਾਲਾਤ 'ਤੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਚੰਡੀਗੜ੍ਹ ਕਨਵੈਂਸ਼ਨ ਨੂੰ ਸਫਲ ਬਣਾਉਣ ਦਾ ਅਹਿਦ ਲਿਆ।

# ਮਾਨ ਸਰਕਾਰ ਵਲੋਂ ਪਿੰਡ ਰੈਲ ਦੇ ਲੋੜਵੰਦਾਂ ਨੂੰ ਸਰਕਾਰੀ ਰਾਸ਼ਨ ਕਿੱਟਾਂ ਦੀ ਵੰਡ ਹੁਣ ਤੱਕ 325 ਲਾਭਪਾਤਰੀਆਂ ਨੂੰ ਮਿਲਿਆ ਫਾਇਦਾ

**ਨਵਾਂਸ਼ਹਿਰ /ਕਾਠਗੜ੍ਹ 27ਮਈ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਦੀ ਭਗਵੰਤ ਮਾਨ ਸਰਕਾਰ ਦੁਆਰਾ ਗਰੀਬ ਅਤੇ ਲੋੜਵੰਦ ਲੋਕਾਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਤਹਿਤ ਪਿੰਡ ਰੈਲ ਵਿਖੇ ਵਿਸ਼ੇਸ਼ ਰਾਸ਼ਨ ਕਿੱਟਾਂ ਦੀ ਵੰਡ ਕੀਤੀ ਗਈ। ਪਿੰਡ ਰੈਲ ਦੇ ਡੀਪੂ ਹੋਲਡਰ ਸੰਦੀਪ ਕੁਮਾਰ ਵਲੋਂ ਇਹ ਕਿੱਟਾਂ ਲਾਭਪਾਤਰੀਆਂ ਨੂੰ ਬੜੇ ਹੀ ਪਾਰਦਰਸ਼ੀ ਤਰੀਕੇ ਨਾਲ ਤਕਸੀਮ ਕੀਤੀਆਂ ਗਈਆਂ। ਇਸ ਮੁਹਿੰਮ ਦੇ ਤਹਿਤ ਹੁਣ ਤੱਕ ਇਲਾਕੇ ਦੇ ਲੋੜਵੰਦ ਪਰਿਵਾਰਾਂ ਨੂੰ 325 ਕਿੱਟਾਂ ਵੰਡੀਆਂ ਜਾ ਚੁੱਕੀਆਂ ਹਨ। ਕਿੱਟਾਂ ਵਿੱਚ ਸ਼ਾਮਲ ਰੋਜ਼ਾਨਾ ਵਰਤੋਂ ਦੀਆਂ ਉੱਚ-ਗੁਣਵੱਤਾ ਵਸਤੂਆਂ ਸਰਕਾਰ ਵੱਲੋਂ ਭੇਜੀ ਗਈ ਇਸ ਵਿਸ਼ੇਸ਼ ਰਾਸ਼ਨ ਕਿੱਟ ਵਿੱਚ ਗਰੀਬ ਪਰਿਵਾਰਾਂ ਦੀ ਰੋਜ਼ਾਨਾ ਰਸੋਈ ਦੀ ਵਰਤੋਂ ਵਾਲੀਆਂ ਹੇਠ ਲਿਖੀਆਂ ਮਿਆਰੀ ਵਸਤੂਆਂ ਸ਼ਾਮਲ ਹਨ, ਜੋ ਸਿੱਧੇ ਤੌਰ ਤੇ ਉਨ੍ਹਾਂ ਤੱਕ ਪਹੁੰਚਾਈਆਂ ਗਈਆਂ,ਛੋਲਿਆਂ ਦੀ ਦਾਲ 2 ਕਿਲੋ, ਚੀਨੀ 2 ਕਿਲੋ,ਨਮਕ 1 ਕਿਲੋ,ਹਲਦੀ ਪਾਊਡਰ 200 ਗ੍ਰਾਮ, ਸਰ੍ਹੋਂ ਦਾ ਤੇਲ 1 ਲੀਟਰਇਸ ਮੌਕੇ ਰਾਸ਼ਨ ਕਿੱਟਾਂ ਹਾਸਲ ਕਰਨ ਵਾਲੇ ਲਾਭਪਾਤਰੀਆਂ ਅਤੇ ਪਿੰਡ ਵਾਸੀਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਉਨ੍ਹਾਂ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਮਿਲਣ ਵਾਲੀਆਂ ਇਹ ਸਹੂਲਤਾਂ ਬਿਨਾਂ ਕਿਸੇ



ਪੱਖਪਾਤ ਦੇ ਬਿਲਕੁਲ ਸਹੀ ਸਮੇਂ ਤੇ ਸਿੱਧੇ ਲੋੜਵੰਦਾਂ ਤੱਕ ਪਹੁੰਚ ਰਹੀਆਂ ਹਨ, ਜਿਸ ਨਾਲ ਆਮ ਲੋਕਾਂ ਨੂੰ ਵੱਡੀ ਆਰਥਿਕ ਰਾਹਤ ਮਿਲੀ ਹੈ। ਇਸ ਮੌਕੇ ਰਾਸ਼ਨ ਵੰਡਣ ਦੀ ਇਸ ਪ੍ਰਕਿਰਿਆ ਦੌਰਾਨ ਡੀਪੂ ਹੋਲਡਰ ਸੰਦੀਪ ਕੁਮਾਰ ਨਾਲ ਸੰਦੀਪ ਰਾਣਾ, ਪਵਨ ਰਾਣਾ, ਜਗਤਾਰ ਖਾਨ, ਪੰਚ ਬਹਾਦਰ ਖਾਨ, ਸੁਮੋਧ ਗਿਰੀ, ਸੰਨੀ ਰਾਣਾ, ਰਵੀ ਕੁਮਾਰ ਅਤੇ ਮੰਗੂ ਪੰਡਿਤ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਪੱਤਰਕਾਰ ਦੇ ਘਰ ਪੁਲਿਸ ਛਾਪੇਮਾਰੀ ਦੀ ਨਿੰਦਾ




**ਚੰਡੀਗੜ੍ਹ, 27 ਮਈ( ਚਰਨਜੀਤ ਸੱਲ੍ਹਾ)** ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਦੇ ਚੇਅਰਮੈਨ ਬਲਬੀਰ ਸਿੰਘ ਜੰਡੂ, ਪ੍ਰਧਾਨ ਜੈ ਸਿੰਘ ਛਿੱਬਰ ਅਤੇ ਸਕੱਤਰ ਜਨਰਲ ਸੰਤੋਖ ਗਿੱਲ ਨੇ ਪੱਤਰਕਾਰ ਰਤਨਦੀਪ ਸਿੰਘ ਧਾਲੀਵਾਲ ਦੇ ਘਰ ਵੱਖ ਵੱਖ ਜ਼ਿਲ੍ਹਿਆਂ ਦੀ ਪੁਲੀਸ ਵੱਲੋਂ ਛਾਪੇ ਮਾਰਨ ਦੀ ਨਿੰਦਾ ਕੀਤੀ ਹੈ। ਯੂਨੀਅਨ ਆਗੂਆਂ ਨੇ ਪੁਲਿਸ ਅਤੇ ਸੂਬਾ ਸਰਕਾਰ ਦੀ ਇਸ ਕਾਰਵਾਈ ਨੂੰ ਪ੍ਰੈੱਸ ਦੀ ਆਜ਼ਾਦੀ ਉਪਰ ਹਮਲਾ ਦੱਸਿਆ ਹੈ। ਆਗੂਆਂ ਨੇ ਕਿਹਾ ਕਿ ਹੁਕਮਰਾਨ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਜਾਂ ਸਰਕਾਰ ਨੂੰ ਪੱਤਰਕਾਰ ਦੀ ਕਿਸੇ ਖ਼ਬਰ ਬਾਰੇ ਕਿਸੇ ਕਿਸਮ ਦਾ ਇਤਰਾਜ਼ ਹੈ ਤਾਂ ਸਰਕਾਰ ਤੱਥਾਂ ਸਮੇਤ ਖ਼ਬਰ ਨੂੰ ਝੂਠਾ ਸਾਬਤ ਕਰ ਸਕਦੀ ਹੈ ਅਤੇ ਪੱਤਰਕਾਰ ਨੂੰ ਇਸ ਦੀ ਸੋਧ ਲਗਾਉਣ ਲਈ ਕਿਹਾ ਜਾ ਸਕਦਾ ਹੈ। ਇਸ ਤੋਂ ਇਲਾਵਾ ਸਰਕਾਰ ਜਾਂ ਆਪ ਆਗੂਆਂ ਕੋਲ ਅਦਾਲਤ ਵਿੱਚ ਕੇਸ ਕਰਨ ਦਾ ਅਧਿਕਾਰ ਹੈ। ਪਰ ਇਸ ਤਰ੍ਹਾਂ ਪੱਤਰਕਾਰ ਦੀ ਕਿਰਦਾਰਕੁਸ਼ੀ ਅਤੇ ਡਰਾਉਣ ਧਮਕਾਉਣ ਲਈ ਪੁਲੀਸ ਦੀ ਛਾਪੇਮਾਰੀ ਕਿਸੇ ਸੂਰਤ ਵਿੱਚ ਵੀ ਜਾਇਜ਼ ਨਹੀਂ ਠਹਿਰਾਈ ਜਾ ਸਕਦੀ। ਆਗੂਆਂ ਨੇ ਸੂਬਾ ਸਰਕਾਰ ਅਤੇ ਸੱਤਾਧਾਰੀ ਧਿਰ ਦੀ ਜ਼ੋਰਦਾਰ ਨਿੰਦਾ ਕਰਦਿਆਂ ਅਜਿਹੀ ਕਾਰਵਾਈ ਨੂੰ ਤੁਰੰਤ ਰੋਕਣ ਦੀ ਮੰਗ ਕੀਤੀ ਹੈ। ਯੂਨੀਅਨ ਆਗੂਆਂ ਨੇ ਪੰਜਾਬ ਦੇ ਇਨਸਾਫ਼ ਪਸੰਦ ਲੋਕਾਂ ਨੂੰ ਵੀ ਮੀਡੀਆ ਦੇ ਹੱਕ ਵਿੱਚ ਖੜ੍ਹਾ ਹੋਣ ਦੀ ਅਪੀਲ ਕੀਤੀ ਹੈ।

# ਗੀਤਕਾਰ ਰਾਜ ਕਾਕੜਾ ਦਾ ਗੀਤ ਸੰਗ੍ਰਹਿ "ਪੈਂਡਾ" ਪ੍ਰੋ: ਗੁਰਭਜਨ ਸਿੰਘ ਗਿੱਲ ਤੇ ਲੋਕ ਗਾਇਕ ਹਰਦੀਪ ਮੋਹਾਲੀ ਨੇ ਲੋਕ ਅਰਪਣ ਕੀਤਾ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਸਿਰਮੌਰ ਗੀਤਕਾਰ ਰਾਜ ਕਾਕੜਾ ਦਾ ਗੀਤ ਸੰਗ੍ਰਹਿ "ਪੈਂਡਾ" ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਲੁਧਿਆਣਾ ਵਿੱਚ ਲੋਕ ਅਰਪਣ ਕਰਦਿਆਂ ਕਿਹਾ ਹੈ ਕਿ ਵਿਰਸੇ ਤੋਂ ਵਰਤਮਾਨ ਤੀਕ ਪਸਰੇ ਪੰਜਾਬੀ ਸੱਭਿਆਚਾਰ ਦੇ ਵੱਖ-ਵੱਖ ਰੰਗਾਂ ਨਾਲ ਭਰਪੂਰ ਇਹ ਵੱਡ ਆਕਾਰੀ ਗੀਤ ਸੰਗ੍ਰਹਿ ਸਾਹਿਤਕ ਰੰਗਣ ਵਾਲੇ ਗੀਤ ਜਗਤ ਵਿੱਚ ਨਿਵੇਕਲੀ ਪਛਾਣ ਬਣਾਵੇਗਾ। ਉਨ੍ਹਾਂ ਕਿਹਾ ਕਿ ਮੇਰੀ ਪਸੰਦ ਦੇ ਬਹੁਤ ਪਿਆਰੇ ਗੀਤਕਾਰ ਤੇ ਗਾਇਕ ਰਾਜ ਕਾਕੜਾ ਦੇ ਗੀਤਾਂ ਦਾ ਰੱਜ ਕੇ ਸੋਹਣਾ ਸੰਗ੍ਰਹਿ "ਪੈਂਡਾ" ਮੈਨੂੰ ਘਰ ਬੈਠਿਆਂ ਹੀ ਪ੍ਰਾਪਤ ਕਰਕੇ ਮੈਂ ਮਾਣ ਮਹਿਸੂਸ ਕਰ ਰਿਹਾ ਹਾਂ। ਉਨ੍ਹਾਂ ਦੱਸਿਆ ਕਿ ਰਾਜ ਕਾਕੜਾ ਤੇ ਦੇਬੀ ਮਖਸੂਸਪੁਰੀ ਮੇਰੇ ਮਨ ਪਸੰਦ ਸ਼ਾਇਰ ਨੇ। ਦੋਵੇਂ ਮਿੱਠਾ ਮਿੱਠਾ ਲਿਖਦੇ ਤੇ ਗਾਉਂਦੇ ਨੇ। ਇਹ ਦੋਵੇਂ ਸ਼ਬਦਾਂ ਦੀ ਕੰਡ ਨੰਗੀ ਨਹੀਂ ਹੋਣ ਦੇਂਦੇ। ਇਸ ਮੌਕੇ ਬੋਲਦਿਆਂ ਮੋਹਾਲੀ ਵੱਸਦੇ ਲੋਕ ਗਾਇਕ ਹਰਦੀਪ ਨੇ ਕਿਹਾ ਕਿ ਚੰਗੇ ਗੀਤ ਲਿਖਣ ਦੇ ਨਾਲ-ਨਾਲ ਰਾਜ ਕਾਕੜਾ ਨਿੱਜੀ ਜ਼ਿੰਦਗੀ ਵਿੱਚ ਵੀ ਸਾਹਿਤਕ ਗੀਤਾਂ ਵਰਗਾ ਹੈ।

ਜਲੰਧਰ ਤੋਂ ਆਏ ਸੰਗੀਤਕਾਰ ਕੁਲਜੀਤ ਨੇ ਕਿਹਾ ਕਿ ਰਾਜ ਕਾਕੜਾ ਦੇ ਗੀਤਾਂ ਵਿੱਚ ਸਹਿਜ ਵੀ ਹੈ ਤੇ ਸੂਹਜ ਵੀ। ਇਹ ਆਪਣੇ ਗੀਤਾਂ ਦੀ ਧੁਨ ਆਪ ਹੀ ਤਿਆਰ ਕਰਦਾ ਹੈ ਜਿਸ ਕਾਰਨ ਇਸ ਦੇ ਗੀਤ ਚੋਟੀ ਦੇ ਗਾਇਕਾਂ ਨੇ ਗਾਏ ਹਨ।ਪੰਜਾਬ ਕਲਚਰਲ ਸੋਸਾਇਟੀ(ਰਜਿ:) ਪੰਜਾਬ ਦੇ ਪ੍ਰਧਾਨ ਰਵਿੰਦਰ ਸਿੰਘ ਰੰਗੂਵਾਲ ਨੇ ਕਿਹਾ ਕਿ ਦੇਸ਼ ਬਦੇਸ਼ ਵਿੱਚ ਉਨ੍ਹਾਂ ਦੇ ਕਦਰਦਾਨ ਫ਼ੈਲੇ ਹੋਏ ਹਨ ਜਿਸ ਸਦਕਾ ਉਨ੍ਹਾਂ ਦੀ ਇਹ ਕਿਤਾਬ ਅਮਰੀਕਾ ਤੇ ਜਰਮਨੀ ਵਿੱਚ ਜੂਨ ਮਹੀਨੇ ਅੰਦਰ ਲੋਕ ਅਰਪਣ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ "ਪੈਂਡਾ" ਦੀ ਸੁੰਦਰ ਪ੍ਰਕਾਸ਼ਨਾ ਪ੍ਰਿੰਟ ਵੈੱਲ ਅੰਮ੍ਰਿਤਸਰ ਵਾਲਿਆਂ ਨੇ ਬਾ ਕਮਾਲ ਕੀਤੀ ਹੈ। ਫਿਲਮ ਜਗਤ ਵਿੱਚ ਨਿਵੇਕਲੀ ਪਛਾਣ ਵਾਲੇ ਅਦਾਕਾਰ ਯਾਦ ਧਾਲੀਵਾਲ ਵੀ ਇਸ ਮੌਕੇ ਹਾਜ਼ਰ ਸਨ। "ਪੈਂਡਾ" ਜਰਮਨੀ ਦੀ ਸੰਸਥਾ "ਪੰਜ ਆਬ" ਨੇ ਪ੍ਰਕਾਸ਼ਿਤ ਕੀਤੀ ਹੈ।

# ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਪਿੰਡ ਟਿੱਬੀਆਂ ਵਿੱਚ 25 ਲੱਖ ਦੇ ਪੀਣ ਵਾਲੇ ਪਾਣੀ ਪ੍ਰੋਜੈਕਟ ਦਾ ਉਦਘਾਟਨ

**ਗੜ੍ਹਸ਼ੰਕਰ, 27 ਮਈ (ਬਲਵੀਰ ਚੌਪੜਾ )** ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਆਪਣੇ ਹਲਕੇ ਵਿੱਚ ਵਿਕਾਸ ਕਾਰਜਾਂ ਨੂੰ ਹੋਰ ਗਤੀ ਦਿੰਦਿਆਂ ਪਿੰਡ ਟਿੱਬੀਆਂ ਵਿਖੇ ਲਗਭਗ 25 ਲੱਖ ਰੁਪਏ ਦੀ ਲਾਗਤ ਨਾਲ ਪੀਣ ਵਾਲੇ ਪਾਣੀ ਦੀਆਂ ਨਵੀਆਂ ਪਾਈਪਾਂ ਪਾਉਣ ਦੇ ਪ੍ਰੋਜੈਕਟ ਦਾ ਉਦਘਾਟਨ ਕੀਤਾ ਗਿਆ। ਇਸ ਮਹੱਤਵਪੂਰਨ ਪ੍ਰੋਜੈਕਟ ਨਾਲ ਪਿੰਡ ਦੇ ਸੈਂਕੜਿਆਂ ਪਰਿਵਾਰਾਂ ਨੂੰ ਸਾਫ਼ ਅਤੇ ਸੁਚੱਜਾ ਪੀਣ ਵਾਲਾ ਪਾਣੀ ਮੁਹੱਈਆ ਹੋਵੇਗਾ। ਇਸ ਮੌਕੇ ਇੱਕ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਡਿਪਟੀ ਸਪੀਕਰ ਸ. ਜੈ ਕ੍ਰਿਸ਼ਨ ਸਿੰਘ ਰੌੜੀ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਸਰਕਾਰ ਵੱਲੋਂ ਕਿਸੇ ਵੀ



ਕਿਸਮ ਦੀ ਕਮੀ ਨਹੀਂ ਛੱਡੀ ਜਾ ਰਹੀ ਅਤੇ ਲੋਕਾਂ ਦੀਆਂ ਲੋੜਾਂ ਅਨੁਸਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਾਫ਼ ਪੀਣ ਵਾਲਾ ਪਾਣੀ ਹਰ ਵਿਅਕਤੀ ਦਾ ਬੁਨਿਆਦੀ ਅਧਿਕਾਰ ਹੈ ਅਤੇ ਇਸ ਸਹੂਲਤ ਨੂੰ ਯਕੀਨੀ ਬਣਾਉਣ ਲਈ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਯੋਜਨਾਵਾਂ ਲਾਗੂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਪਿੰਡ ਟਿੱਬੀਆਂ ਵਿੱਚ ਕਾਫ਼ੀ ਸਮੇਂ ਤੋਂ ਪਾਣੀ ਦੀ ਸਪਲਾਈ ਸਬੰਧੀ ਸਮੱਸਿਆਵਾਂ ਆ ਰਹੀਆਂ ਸਨ, ਜਿਸ ਨੂੰ ਧਿਆਨ ਵਿੱਚ ਰੱਖਦਿਆਂ ਇਹ ਨਵਾਂ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ। ਨਵੀਆਂ ਪਾਈਪਾਂ ਪੈਣ ਨਾਲ ਪਾਣੀ ਦੀ ਸਪਲਾਈ ਹੋਰ ਸੁਚਾਰੂ ਹੋਵੇਗੀ ਅਤੇ ਲੋਕਾਂ ਨੂੰ ਘਰ-ਘਰ ਸਾਫ਼ ਪਾਣੀ ਮਿਲੇਗਾ। ਡਿਪਟੀ ਸਪੀਕਰ ਰੌੜੀ ਨੇ ਕਿਹਾ ਕਿ ਗੜ੍ਹਸ਼ੰਕਰ ਹਲਕੇ ਦੇ ਹਰ ਪਿੰਡ ਅਤੇ ਸ਼ਹਿਰ ਵਿੱਚ ਵਿਕਾਸ ਕਾਰਜ ਜੰਗੀ ਪੱਧਰ 'ਤੇ ਚੱਲ ਰਹੇ ਹਨ। ਸੜਕਾਂ, ਸੀਵਰੇਜ, ਪੀਣ ਵਾਲੇ ਪਾਣੀ, ਸਕੂਲਾਂ ਅਤੇ ਸਿਹਤ ਸਹੂਲਤਾਂ ਲਈ ਕਰੋੜਾਂ ਰੁਪਏ ਦੇ ਪ੍ਰੋਜੈਕਟ ਲਾਗੂ ਕੀਤੇ ਜਾ ਰਹੇ ਹਨ। ਉਨ੍ਹਾਂ ਭਰੋਸਾ ਦਿਵਾਇਆ ਕਿ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕੀਤਾ ਜਾਵੇਗਾ ਅਤੇ ਵਿਕਾਸ ਦੀ ਇਹ ਲੜੀ ਲਗਾਤਾਰ ਜਾਰੀ ਰਹੇਗੀ। ਇਸ ਮੌਕੇ ਪਿੰਡ ਵਾਸੀਆਂ ਨੇ ਡਿਪਟੀ ਸਪੀਕਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਪ੍ਰੋਜੈਕਟ ਨਾਲ ਪਿੰਡ ਦੀ ਇੱਕ ਵੱਡੀ ਸਮੱਸਿਆ ਦਾ ਹੱਲ ਹੋਵੇਗਾ ਅਤੇ ਲੋਕਾਂ ਨੂੰ ਕਾਫ਼ੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੋਂ ਲੋਕਾਂ ਨੂੰ ਪਾਣੀ ਸਬੰਧੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ, ਪਰ ਹੁਣ ਇਸ ਸਮੱਸਿਆ ਦੇ ਹੱਲ ਦੀ ਉਮੀਦ ਜਗੀ ਹੈ।ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਪੰਚਾਇਤ ਮੈਂਬਰ, ਪਾਰਟੀ ਆਗੂ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਰਣਵੀਰ ਸੱਚਦੇਵਾ ਨੇ ਵਿਸ਼ੇਸ਼ ਬੱਚਿਆਂ ਨਾਲ ਮਨਾਇਆ ਜਨਮ ਦਿਨ, ਸੇਵਾ ਕਰਨ ਦਾ ਦਿੱਤਾ ਸੰਦੇਸ਼

**ਹੁਸ਼ਿਆਰਪੁਰ 27 ਮਈ (ਤਰਸੇਮ ਦੀਵਾਨਾ)** - ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਂਖੇਲਾ ਵਿੱਚ ਅੱਜ ਇੱਕ ਪ੍ਰੇਰਨਾਦਾਇਕ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਪੈਟਰਨ ਪਰਮਜੀਤ ਸਿੰਘ ਸੱਚਦੇਵਾ ਅਤੇ ਉਨ੍ਹਾਂ ਦੇ ਪਰਿਵਾਰ ਦੁਆਰਾ ਆਪਣੇ ਸਪੁੱਤਰ ਰਣਬੀਰ ਸਿੰਘ ਸੱਚਦੇਵਾ ਦੇ ਜਨਮ ਦਿਨ 'ਤੇ ਵਿਸ਼ੇਸ਼ ਬੱਚਿਆਂ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ ਗਈਆਂ। ਇਸ ਮੌਕੇ ਸਕੂਲ ਦੇ ਵਿਸ਼ੇਸ਼ ਬੱਚਿਆਂ, ਸਕੂਲ ਸਟਾਫ, ਡਿਪਲੋਮਾ ਵਿਦਿਆਰਥੀਆਂ ਅਤੇ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਮੈਂਬਰਾਂ ਲਈ ਲੰਗਰ ਦਾ ਪ੍ਰਬੰਧ ਕੀਤਾ ਗਿਆ। ਪ੍ਰੋਗਰਾਮ ਦੌਰਾਨ ਪਰਮਜੀਤ ਸਿੰਘ ਸੱਚਦੇਵਾ ਅਤੇ ਉਨ੍ਹਾਂ ਦੇ ਪਰਿਵਾਰ ਨੇ ਵਿਸ਼ੇਸ਼ ਬੱਚਿਆਂ ਨਾਲ ਮਿਲ ਕੇ ਕੇਕ ਕੱਟਿਆ ਅਤੇ ਜਨਮ ਦਿਨ ਮਨਾਇਆ। ਇਸ ਮੌਕੇ ਬੱਚਿਆਂ ਨੇ ਵੀ ਪੂਰੇ ਉਤਸ਼ਾਹ, ਉਮੰਗ ਅਤੇ ਖੁਸ਼ੀ ਨਾਲ ਇਸ ਪ੍ਰੋਗਰਾਮ ਵਿੱਚ ਭਾਗ ਲਿਆ। ਇਸ ਮੌਕੇ ਰਣਬੀਰ ਸਿੰਘ ਸੱਚਦੇਵਾ ਦੇ ਮਿੱਤਰ ਦਿਤੇਜ ਬਲਚੰਦਾਨੀ ਦੁਆਰਾ ਸਕੂਲ ਲਈ 11,000 ਰੁਪਏ ਦੀ ਰਾਸ਼ੀ ਦਾਨ ਵਜੋਂ ਭੇਟ ਕੀਤੀ ਗਈ। ਇਸ ਸਹਿਯੋਗ ਲਈ ਸਕੂਲ ਪ੍ਰਬੰਧਨ ਅਤੇ ਆਸ਼ਾਦੀਪ




ਵੈਲਫੇਅਰ ਸੁਸਾਇਟੀ ਨੇ ਉਨ੍ਹਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਸਮਾਗਮ ਨੂੰ ਸੰਬੋਧਨ ਕਰਦਿਆਂ ਹਰਬੰਸ ਸਿੰਘ ਨੇ ਕਿਹਾ ਕਿ ਵਿਸ਼ੇਸ਼ ਬੱਚਿਆਂ ਨਾਲ ਸਮਾਂ ਬਿਤਾਉਣਾ ਅਤੇ ਉਨ੍ਹਾਂ ਦੀਆਂ ਖੁਸ਼ੀਆਂ ਵਿੱਚ ਭਾਗੀ ਬਣਨਾ ਇੱਕ ਮਹਾਨ ਸੇਵਾ ਹੈ। ਉਨ੍ਹਾਂ ਨੇ ਪਰਮਜੀਤ ਸਿੰਘ ਸੱਚਦੇਵਾ, ਦਿਤੇਜ ਬਲਚੰਦਾਨੀ ਅਤੇ ਉਨ੍ਹਾਂ ਦੇ ਪਰਿਵਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਸਮਾਜਿਕ ਕਾਰਜ ਸਮਾਜ ਨੂੰ ਮਨੁੱਖਤਾ ਅਤੇ ਸੇਵਾ ਦੀ ਭਾਵਨਾ ਨਾਲ ਜੋੜਦੇ ਹਨ। ਉਨ੍ਹਾਂ ਕਿਹਾ ਕਿ ਆਸ਼ਾ ਕਿਰਨ ਸਪੈਸ਼ਲ ਸਕੂਲ ਹਮੇਸ਼ਾ ਤੋਂ ਵਿਸ਼ੇਸ਼ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਕਾਰਜ ਕਰਦਾ ਆ ਰਿਹਾ ਹੈ ਅਤੇ ਸਮਾਜ ਦੇ ਸਹਿਯੋਗ ਨਾਲ ਬੱਚਿਆਂ ਨੂੰ ਬਿਹਤਰ ਸਹੂਲਤਾਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਨੇ ਹੋਰ ਸਮਾਜ ਸੇਵੀਆਂ ਤੋਂ ਵੀ ਅਪੀਲ ਕੀਤੀ ਕਿ ਉਹ ਅੱਗੇ ਆ ਕੇ ਵਿਸ਼ੇਸ਼ ਬੱਚਿਆਂ ਦੇ ਜੀਵਨ ਵਿੱਚ ਖੁਸ਼ੀਆਂ ਵੰਡਣ ਦਾ ਕਾਰਜ ਕਰਨ। ਇਸ ਮੌਕੇ ਪਰਮਜੀਤ ਸਿੰਘ ਸੱਚਦੇਵਾ ਦੀ ਮਾਤਾ ਸ਼੍ਰੀਮਤੀ ਇੰਦਰਜੀਤ ਕੌਰ, ਉਨ੍ਹਾਂ ਦੀ ਧਰਮਪਤਨੀ ਸ਼੍ਰੀਮਤੀ ਡਿੰਪੀ ਸੱਚਦੇਵਾ, ਪੁੱਤਰ-ਵਧੂ ਤਨੀਸ਼ਾ, ਅਤੇ ਪੋਤਰੀਆਂ ਤਮਾਰਾ ਅਤੇ ਰਿਸ਼ੀਲ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਇਸ ਤੋਂ ਇਲਾਵਾ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਸੈਕਟਰੀ ਕਰਨਲ ਗੁਰਮੀਤ ਸਿੰਘ, ਮਲਕੀਅਤ ਸਿੰਘ ਮਹੇੜੂ, ਹਮੇਸ਼ ਤਲਵਾੜ, ਰਾਮ ਆਸਾ, ਹਰੀਸ਼ ਠਾਕੁਰ, ਸ਼੍ਰੀਮਤੀ ਅਨੀਤਾ ਤਲਵਾੜ, ਸਿਨਿੱਟਾ ਬਲਚੰਦਾਨੀ, ਸ਼ਸ਼ਾਂਕ ਬਾਲੀ, ਵੋਇਲਾ ਗੁਲਾਟੀ, ਸਾਨਿਨ ਬਾਲੀ, ਆਇਰਾ ਬਲਚੰਦਾਨੀ, ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸ਼ੈਲੀ ਸ਼ਰਮਾ, ਪ੍ਰੇਮ ਕੁਮਾਰ ਅਤੇ ਵਾਈਸ ਪ੍ਰਿੰਸੀਪਲ ਇੰਦੂ ਬਾਲਾ ਵੀ ਪ੍ਰੋਗਰਾਮ ਵਿੱਚ ਮੌਜੂਦ ਰਹੇ। ਪ੍ਰੋਗਰਾਮ ਦੇ ਅੰਤ ਵਿੱਚ ਸਾਰੇ ਮਹਿਮਾਨਾਂ ਨੇ ਵਿਸ਼ੇਸ਼ ਬੱਚਿਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਅਤੇ ਸਮਾਜ ਵਿੱਚ ਪਿਆਰ, ਸਹਿਯੋਗ ਅਤੇ ਸੇਵਾ ਭਾਵਨਾ ਨੂੰ ਉਤਸ਼ਾਹਿਤ ਕਰਨ ਦਾ ਸੰਦੇਸ਼ ਦਿੱਤਾ। ਫੋਟੋ ਅਜਮੇਰ ਦੀਵਾਨਾ

# ਐਮਏ ਅਰਥਸ਼ਾਸਤਰ ਦੇ ਪਹਿਲਾ ਅਤੇ ਤੀਜਾ ਸਮੈਸਟਰ ਦਾ ਨਤੀਜਾ ਸ਼ਾਨਦਾਰ



**ਹੁਸ਼ਿਆਰਪੁਰ /ਮਾਹਿਲਪੁਰ 27 ਮਈ ( ਤਰਸੇਮ ਦੀਵਾਨਾ ) –** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ ਇਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਚਲਦੇ ਕੋਰਸ ਐਮਏ ਅਰਥ ਸ਼ਾਸਤਰ ਦੇ ਸਮੈਸਟਰ ਪਹਿਲਾ ਅਤੇ ਤੀਜਾ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਅਤੇ ਅਰਥਸ਼ਾਸਤ ਵਿਭਾਗ ਦੇ ਮੁਖੀ ਪ੍ਰੋਫੈਸਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਐਮਏ ਅਰਸਥ ਸ਼ਾਸਤਰ ਦੇ ਤੀਜਾ ਸਮੈਸਟਰ ਵਿੱਚ ਵਿਦਿਆਰਥਣ ਪਾਇਲ ਨੇ 83.5 ਫੀਸਦੀ ਅੰਕਾਂ ਨਾਲ ਪਹਿਲਾ, ਵਿਦਿਆਰਥਣ ਅਨੀਤ ਬਾਲੀ ਨੇ 81.7 ਫੀਸਦੀ ਅੰਕਾਂ ਨਾਲ ਦੂਜਾ ਸਥਾਨ ਅਤੇ ਵਿਦਿਆਰਥਣ ਨਵਜੋਤ ਨੇ 78.2 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਉਨ੍ਹਾਂ ਦੱਸਿਆ ਕਿ ਐਮ ਏ ਅਰਥਸ਼ਾਸਤਰ ਦੇ ਪਹਿਲੇ ਸਮੈਸਟਰ ਦੇ ਨਤੀਜੇ ਵਿੱਚ ਵਿਦਿਆਰਥਣ ਸੋਹਾਨੀ ਜਸਵਾਲ ਨੇ 81 ਫੀਸਦੀ ਅੰਕਾਂ ਨਾਲ ਪਹਿਲਾ ਅਤੇ ਵਿਦਿਆਰਥਣ ਸਾਨੀਆ ਨੇ 78.2 ਫੀਸਦੀ ਅੰਕ ਹਾਸਲ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ ਹੈ। । ਇਸ ਮੌਕੇ ਪ੍ਰਿੰਸੀਪਲ ਸਮੇਤ ਅਰਥ ਸ਼ਾਸਤਰ ਵਿਭਾਗ ਦੇ ਹੋਰ ਅਧਿਆਪਕਾਂ ਨੇ ਵੀ ਵਿਦਿਆਰਥੀਆਂ ਨੂੰ ਚੰਗੇ ਨਤੀਜੇ ਲਈ ਸ਼ੁਭਕਾਮਨਾਵਾਂ ਦਿੱਤੀਆਂ।

**ਫੋਟੋ ਅਜਮੇਰ ਦੀਵਾਨਾ**

# ਸਰਕਾਰੀ ਹਸਪਤਾਲ ਕਾਠਗੜ੍ਹ 'ਚ ਚੋਰਾਂ ਦਾ ਬੇਖ਼ੌਫ਼ ਤਾਂਡਵ: ਲਗਾਤਾਰ 10ਵੀਂ ਵਾਰ ਬਣਾਇਆ ਨਿਸ਼ਾਨਾ, ਕੈਮਰੇ ਖ਼ਰਾਬ ਹੋਣ ਕਾਰਨ ਪੁਲਿਸ ਹੱਥ ਖ਼ਾਲੀ

**ਨਵਾਂਸ਼ਹਿਰ /ਕਾਠਗੜ੍ਹ, 27 ਮਈ (ਜਤਿੰਦਰਪਾਲ ਸਿੰਘ ਕਲੇਰ) :** ਸਰਕਾਰੀ ਹਸਪਤਾਲ ਕਾਠਗੜ੍ਹ (ਸੀ.ਐਚ.ਸੀ.) ਵਿਖੇ ਚੋਰਾਂ ਦੇ ਹੌਸਲੇ ਇੰਨੇ ਬੁਲੰਦ ਹੋ ਚੁੱਕੇ ਹਨ ਕਿ ਉਨ੍ਹਾਂ ਨੇ ਪ੍ਰਸ਼ਾਸਨ ਅਤੇ ਪੁਲਿਸ ਨੂੰ ਟਿੱਚ ਜਾਣਦਿਆਂ ਬੀਤੀ ਰਾਤ ਹਸਪਤਾਲ ਨੂੰ ਲਗਾਤਾਰ 10ਵੀਂ ਵਾਰ ਆਪਣਾ ਨਿਸ਼ਾਨਾ ਬਣਾਇਆ। ਰੋਜ਼ਾਨਾ ਦੀ ਤਰ੍ਹਾਂ ਜਦੋਂ ਸਵੇਰੇ ਹਸਪਤਾਲ ਦਾ ਸਟਾਫ਼ ਡਿਊਟੀ 'ਤੇ ਪਹੁੰਚਿਆ ਤਾਂ ਉੱਥੋਂ ਦੇ ਟੁੱਟੇ ਅਤੇ ਖੁੱਲ੍ਹੇ ਹੋਏ ਦਰਵਾਜ਼ੇ ਦੇਖ ਕੇ ਹੜਕੰਪ ਮਚ ਗਿਆ। ਸਟਾਫ਼ ਵੱਲੋਂ ਅੰਦਰ ਜਾ ਕੇ ਜਾਂਚ ਕਰਨ 'ਤੇ ਪਤਾ ਲੱਗਿਆ ਕਿ ਚੋਰਾਂ ਨੇ ਹਸਪਤਾਲ ਦੇ ਪਿਛਲੇ ਪਾਸੇ ਵਾਲੇ ਇੱਕ ਦਰਵਾਜ਼ੇ ਨੂੰ ਬੜੀ ਬੇਰਹਿਮੀ ਨਾਲ ਤੋੜਿਆ ਅਤੇ ਅੰਦਰ ਦਾਖ਼ਲ ਹੋ ਕੇ ਬਾਥਰੂਮ ਵਿੱਚ ਲੱਗੀਆਂ ਸਟੀਲ ਦੀਆਂ ਕੀਮਤੀ ਟੂਟੀਆਂ ਪੁੱਟ ਲਈਆਂ ਅਤੇ ਵਾਸ਼ ਬੇਸਨ ਵੀ ਭੰਨ ਦਿੱਤੇ।



ਇਸ ਵਾਰਦਾਤ ਸਬੰਧੀ ਮੌਜੂਦਾ ਸਟਾਫ਼ ਇੰਚਾਰਜ ਡਾਕਟਰ ਵਿਸ਼ਾਲੀ ਸ਼ਰਮਾ, ਸਿਹਤ ਕਰਮਚਾਰੀ ਕਮਲ ਕੁਮਾਰ ਅਤੇ ਪਰਮਜੀਤ ਸਮੇਤ ਹੋਰਨਾਂ ਸਟਾਫ਼ ਮੈਂਬਰਾਂ ਨੇ ਦੱਸਿਆ ਕਿ ਹਸਪਤਾਲ ਵਿੱਚ ਹੋਈ ਇਹ ਕੋਈ ਪਹਿਲੀ ਘਟਨਾ ਨਹੀਂ ਹੈ, ਬਲਕਿ ਇਸ ਨੂੰ ਚੋਰਾਂ ਵੱਲੋਂ ਦਿੱਤੀ ਗਈ 10ਵੀਂ ਚੋਰੀ ਦੀ ਵਾਰਦਾਤ ਕਿਹਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਚੋਰ ਇੱਥੋਂ ਤਿੰਨ ਇਨ-ਵਰਟਰ, ਪਾਣੀ ਦਾ ਗੀਜ਼ਰ ਅਤੇ ਜਿੰਦਰੇ ਭੰਨ ਕੇ ਏ.ਸੀ. ਤੱਕ ਚੋਰੀ ਕਰਕੇ ਲੈ ਜਾ ਚੁੱਕੇ ਹਨ। ਹਸਪਤਾਲ ਸਟਾਫ਼ ਮੁਤਾਬਕ ਨਸ਼ਾ ਛੁਡਾਊ ਕੇਂਦਰ ਵੀ ਚੋਰਾਂ ਦੇ ਨਿਸ਼ਾਨੇ ਤੋਂ ਬਚ ਨਹੀਂ ਸਕਿਆ, ਜਿੱਥੋਂ ਪਹਿਲਾਂ ਕਈ ਵਾਰ ਗੋਲੀਆਂ ਵੀ ਚੋਰੀ ਕੀਤੀਆਂ ਜਾ ਚੁੱਕੀਆਂ ਹਨ। ਲਗਾਤਾਰ ਹੋ ਰਹੀਆਂ ਇਨ੍ਹਾਂ ਚੋਰੀਆਂ ਕਾਰਨ ਪੁਲਿਸ ਦੀ ਕਾਰਗੁਜ਼ਾਰੀ 'ਤੇ ਵੱਡੇ ਸਵਾਲੀਆ ਨਿਸ਼ਾਨ ਖੜ੍ਹੇ ਹੋ ਰਹੇ ਹਨ ਅਤੇ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਪੁਲਿਸ ਇਨ੍ਹਾਂ ਚੋਰਾਂ ਨੂੰ ਨੱਥ ਪਾਉਣ ਵਿੱਚ ਬਿਲਕੁਲ ਅਸਮਰੱਥ ਸਾਬਤ ਹੋ ਰਹੀ ਹੈ। ਇਸ ਪੂਰੇ ਮਾਮਲੇ ਵਿੱਚ ਸਭ ਤੋਂ ਵੱਡੀ ਅਤੇ ਹੈਰਾਨੀਜਨਕ ਗੱਲ ਇਹ ਸਾਹਮਣੇ ਆਈ ਹੈ ਕਿ ਹਸਪਤਾਲ ਵਰਗੀ ਸੰਵੇਦਨਸ਼ੀਲ ਜਗ੍ਹਾ 'ਤੇ ਲੱਗੇ ਸੀ.ਸੀ.ਟੀ.ਵੀ. ਕੈਮਰੇ ਪਿਛਲੇ ਕਈ ਸਾਲਾਂ ਤੋਂ ਖ਼ਰਾਬ ਪਏ ਹਨ। ਪ੍ਰਸ਼ਾਸਨ ਦੀ ਇਸ ਵੱਡੀ ਲਾਪਰਵਾਹੀ ਦਾ ਫ਼ਾਇਦਾ ਚੋਰਾਂ ਨੂੰ ਸਿੱਧੇ ਤੌਰ 'ਤੇ ਮਿਲ ਰਿਹਾ ਹੈ ਅਤੇ ਉਹ ਬਿਨਾਂ ਕਿਸੇ ਡਰ ਦੇ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ। ਇਸ ਸਬੰਧੀ ਜਦੋਂ ਮੌਜੂਦਾ ਸਿਵਲ ਸਰਜਨ ਡਾਕਟਰ ਗੁਰਿੰਦਰਜੀਤ ਸਿੰਘ, ਜੋ ਖ਼ੁਦ ਵੀ ਪਹਿਲਾਂ ਇਸ ਹਸਪਤਾਲ ਵਿਖੇ ਐਸ.ਐਮ.ਓ. ਵਜੋਂ ਸੇਵਾਵਾਂ ਨਿਭਾ ਚੁੱਕੇ ਹਨ, ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਨੇ ਫ਼ੋਨ ਚੁੱਕਣਾ ਮੁਨਾਸਿਬ ਨਹੀਂ ਸਮਝਿਆ। ਫਿਲਹਾਲ ਹਸਪਤਾਲ ਪ੍ਰਬੰਧਕਾਂ ਵੱਲੋਂ ਚੋਰੀ ਦੀ ਇਸ ਤਾਜ਼ਾ ਘਟਨਾ ਬਾਰੇ ਪੁਲਿਸ ਸਟੇਸ਼ਨ ਕਾਠਗੜ੍ਹ ਵਿਖੇ ਲਿਖਤੀ ਸੂਚਨਾ ਦੇ ਦਿੱਤੀ ਗਈ ਹੈ, ਜਿਸ ਤੋਂ ਬਾਅਦ ਪੁਲਿਸ ਵੱਲੋਂ ਜਲਦ ਹੀ ਚੋਰਾਂ ਨੂੰ ਕਾਬੂ ਕਰਨ ਦਾ ਭਰੋਸਾ ਦਿੱਤਾ ਗਿਆ ਹੈ।

# ਉਮੀਦਵਾਰਾਂ ਦੀ ਕਿਸਮਤ ਬੈਲਟ ਬਾਕਸਾਂ 'ਚ ਬੰਦ, 29 ਮਈ ਨੂੰ ਹੋਵੇਗੀ ਵੋਟਾਂ ਦੀ ਗਿਣਤੀ

## ਸਿਆਸੀ ਗਲਿਆਰਿਆਂ ਵਿੱਚ ਹਾਰ-ਜਿੱਤ ਦੇ ਅੰਦਾਜ਼ੇ ਸ਼ੁਰੂ, ਪੱਤਰਕਾਰਾਂ ਤੋਂ ਕਨਸੋਅ ਲੈਣ ਵਿੱਚ ਜੁਟੇ ਵੱਖ-ਵੱਖ ਪਾਰਟੀਆਂ ਦੇ ਸਮਰਥਕ

**ਮੋਰਿੰਡਾ 27 ਮਈ (ਸੁਖਵਿੰਦਰ ਸਿੰਘ ਹੈਪੀ)**-ਸਥਾਨਕ ਨਗਰ ਕੌਂਸਲ ਚੋਣਾਂ ਦਾ ਕੰਮ ਬੀਤੇ ਕੱਲ੍ਹ ਪੂਰੇ ਉਤਸ਼ਾਹ ਅਤੇ ਅਮਨ-ਸ਼ਾਂਤੀ ਨਾਲ ਨੇਪਰੇ ਚੜ੍ਹ ਗਿਆ। ਪ੍ਰਸ਼ਾਸਨ ਅਤੇ ਪੁਲਿਸ ਵੱਲੋਂ ਕੀਤੇ ਗਏ ਪੁਖ਼ਤਾ ਸੁਰੱਖਿਆ ਪ੍ਰਬੰਧਾਂ ਸਦਕਾ ਸ਼ਹਿਰ ਦੇ ਸਾਰੇ 15 ਵਾਰਡਾਂ ਵਿੱਚ ਵੋਟਿੰਗ ਪ੍ਰਕਿਰਿਆ ਬਿਨਾਂ ਕਿਸੇ ਅਣਸੁਖਾਵੀਂ ਘਟਨਾ ਦੇ ਅਮਨ-ਅਮਾਨ ਨਾਲ ਸੰਪੰਨ ਹੋਈ। ਇਸ ਦੇ ਨਾਲ ਹੀ ਚੋਣ ਮੈਦਾਨ ਵਿੱਚ ਨਿੱਤਰੇ ਕੁੱਲ 54 ਉਮੀਦਵਾਰਾਂ ਦੀ ਸਿਆਸੀ ਕਿਸਮਤ ਬੈਲਟ ਬਾਕਸਾਂ ਵਿੱਚ ਬੰਦ ਹੋ ਗਈ ਹੈ। ਹੁਣ ਸਾਰੇ ਉਮੀਦਵਾਰਾਂ ਅਤੇ ਵੋਟਰਾਂ ਦੀਆਂ ਨਜ਼ਰਾਂ 29 ਮਈ ਨੂੰ ਆਉਣ ਵਾਲੇ ਨਤੀਜਿਆਂ 'ਤੇ ਟਿਕ ਗਈਆਂ ਹਨ। ਚੌਕ-ਚੌਰਾਹਿਆਂ 'ਤੇ ਚਰਚਾਵਾਂ ਦਾ ਦੌਰ ਤੇਜ਼ ਹੋ ਗਿਆ ਹੈ। ਵੋਟਿੰਗ ਦੀ ਪ੍ਰਕਿਰਿਆ ਖ਼ਤਮ ਹੁੰਦਿਆਂ ਹੀ ਸ਼ਹਿਰ ਵਿੱਚ ਸਿਆਸੀ ਚਰਚਾਵਾਂ ਅਤੇ ਅਫ਼ਵਾਹਾਂ ਦਾ ਬਾਜ਼ਾਰ ਬੇਹੱਦ ਗਰਮ ਹੋ ਗਿਆ ਹੈ। ਵੱਖ-ਵੱਖ ਰਾਜਨੀਤਿਕ ਪਾਰਟੀਆਂ ਅਤੇ ਆਜ਼ਾਦ




ਉਮੀਦਵਾਰਾਂ ਦੇ ਸਮਰਥਕ ਹੁਣ ਹਾਰ-ਜਿੱਤ ਦੇ ਜੋੜ-ਤੋੜ ਲਗਾਉਣ ਵਿੱਚ ਰੁੱਝੇ ਹੋਏ ਹਨ। ਹਾਲਾਤ ਇਹ ਹਨ ਕਿ ਵੱਖ-ਵੱਖ ਪਾਰਟੀਆਂ ਦੇ ਆਗੂ ਅਤੇ ਵਰਕਰ ਸਥਾਨਕ ਪੱਤਰਕਾਰਾਂ ਨੂੰ ਫੋਨ ਕਰ ਰਹੇ ਹਨ ਅਤੇ ਇਹ ਕਨਸੋਅ ਲੈਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਆਖ਼ਰ ਕਿਸ ਵਾਰਡ ਵਿੱਚੋਂ ਕੌਣ ਬਾਜ਼ੀ ਮਾਰ ਰਿਹਾ ਹੈ ਅਤੇ ਕਿਸ ਦਾ ਪਲੜਾ ਭਾਰੀ ਹੈ। ਭਰੋਸੇਯੋਗ ਸੂਤਰ ਦੱਸਦੇ ਹਨ ਕਿ ਸ਼ਹਿਰ ਕਈ ਵਾਰਡਾਂ ਵਿੱਚ ਪੈਸਾ ਪਾਣੀ ਵਾਂਗ ਵਹਾਇਆ ਗਿਆ ਹੈ। ਸ਼ਹਿਰ ਦੀਆਂ ਚਾਹ ਦੀਆਂ ਦੁਕਾਨਾਂ, ਮਾਮੇ ਢਾਬੇ ਅਤੇ ਸੱਥਾਂ ਵਿੱਚ ਇਹ ਚਰਚਾ ਵੀ ਜ਼ੋਰਾਂ 'ਤੇ ਹੈ ਕਿ ਫ਼ਲਾਣੇ-ਫ਼ਲਾਣੇ ਉਮੀਦਵਾਰ ਨੇ ਚੋਣ ਜਿੱਤਣ ਲਈ ਪਾਣੀ ਵਾਂਗ ਪੈਸਾ ਵਹਾਇਆ ਹੈ ਅਤੇ ਬਹੁਤ ਵੱਡਾ ਖ਼ਰਚਾ ਕੀਤਾ ਹੈ, ਜਿਸ ਕਾਰਨ ਉਸ ਦੀ ਸੀਟ ਤਾਂ 'ਪੱਕੀ ਵੱਟ 'ਤੇ' ਪਈ ਹੈ। ਦੂਜੇ ਪਾਸੇ, ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਕਈ ਵਾਰ ਵੋਟਰਾਂ ਦੀ 'ਚੁੱਪ' ਵੱਡੇ-ਵੱਡੇ ਦਾਅਵਿਆਂ ਨੂੰ ਫ਼ੇਲ੍ਹ ਕਰ ਦਿੰਦੀ ਹੈ ਅਤੇ ਚੋਣ ਨਤੀਜੇ ਹੈਰਾਨੀਜਨਕ ਵੀ ਹੋ ਸਕਦੇ ਹਨ। 29 ਮਈ 'ਤੇ ਟਿਕੀਆਂ ਸਭ ਦੀਆਂ ਨਜ਼ਰਾਂ ਫ਼ਿਲਹਾਲ ਚੋਣਾਂ ਤੋਂ ਬਾਅਦ ਜਿੱਥੇ ਉਮੀਦਵਾਰਾਂ ਦੀ ਧੜਕਣ ਵਧੀ ਹੋਈ ਹੈ, ਉੱਥੇ ਹੀ ਸਮਰਥਕਾਂ ਦੇ ਦਾਅਵਿਆਂ ਦਾ ਬਾਜ਼ਾਰ ਪੂਰੀ ਤਰ੍ਹਾਂ ਗਰਮ ਹੈ। ਪਰ ਇਨ੍ਹਾਂ ਸਾਰੇ ਅੰਦਾਜ਼ਿਆਂ, ਅਫ਼ਵਾਹਾਂ ਅਤੇ ਸਿਆਸੀ ਦਾਅਵਿਆਂ ਦਾ ਅਸਲ ਜਵਾਬ 29 ਮਈ ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਹੀ ਮਿਲੇਗਾ, ਜਦੋਂ ਵੋਟਰਾਂ ਦਾ ਅਸਲ ਫੈਸਲਾ ਸਭ ਦੇ ਸਾਹਮਣੇ ਹੋਵੇਗਾ। ਹਾਲ ਦੀ ਘੜੀ ਸਾਰੇ ਉਮੀਦਵਾਰ ਜਿੱਤੂ ਹਨ।

# ਬੱਚਿਆਂ ਦੀ ਤੰਦਰੁਸਤੀ ਅਤੇ ਚੰਗੀ ਸਿਹਤ ਲਈ ਮਾਂ ਦਾ ਦੁੱਧ ਜ਼ਰੂਰੀ: ਡਾ. ਵਿਸ਼ਾਲੀ ਸ਼ਰਮਾ

**ਨਵਾਂਸ਼ਹਿਰ /ਕਾਠਗੜ੍ਹ, 27 ਮਈ (ਜਤਿੰਦਰ ਪਾਲ ਸਿੰਘ ਕਲੇਰ ):** ਸਿਹਤ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਔਰਤਾਂ ਨੂੰ ਆਪਣੇ ਬੱਚਿਆਂ ਅਤੇ ਖ਼ੁਦ ਦੀ ਸਿਹਤ ਪ੍ਰਤੀ ਜਾਗਰੂਕ ਕਰਨ ਦੇ ਮਕਸਦ ਨਾਲ ਹਰੇਕ ਬੁੱਧਵਾਰ ਨੂੰ 'ਮਮਤਾ ਦਿਵਸ' ਮਨਾਉਣਾ ਲਾਜ਼ਮੀ ਕੀਤਾ ਗਿਆ ਹੈ। ਇਸੇ ਲੜੀ ਤਹਿਤ ਸਿਵਿਲ ਸਰਜਨ ਡਾ. ਗੁਰਿੰਦਰਜੀਤ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਸਰਕਾਰੀ ਹਸਪਤਾਲ ਕਾਠਗੜ੍ਹ ਦੀ ਟੀਮ ਵੱਲੋਂ ਵਿਸ਼ੇਸ਼ ਤੌਰ 'ਤੇ ਮਮਤਾ ਦਿਵਸ ਮਨਾਇਆ ਗਿਆ। ਇਸ ਪ੍ਰੋਗਰਾਮ ਵਿੱਚ ਮੁੱਖ ਤੌਰ 'ਤੇ ਡਾ. ਵਿਸ਼ਾਲੀ ਸ਼ਰਮਾ ਨੇ ਭਾਗ ਲਿਆ, ਜਦਕਿ ਸੁਪਰਵਾਈਜ਼ਰ ਜਸਵਿੰਦਰ ਕੌਰ ਵੀ ਉਨ੍ਹਾਂ ਦੇ ਨਾਲ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਇਸ ਮੌਕੇ ਹਾਜ਼ਰ ਔਰਤਾਂ ਨੂੰ ਸੰਬੋਧਨ ਕਰਦਿਆਂ ਡਾ. ਵਿਸ਼ਾਲੀ ਸ਼ਰਮਾ ਨੇ ਕਿਹਾ ਕਿ ਬੱਚਿਆਂ ਦੀ ਚੰਗੀ ਸਿਹਤ ਅਤੇ ਉਨ੍ਹਾਂ ਦੇ ਉੱਤਮ ਸਰੀਰਕ ਵਿਕਾਸ ਲਈ ਮਾਂ ਦਾ ਦੁੱਧ ਸਭ ਤੋਂ ਵੱਧ ਜ਼ਰੂਰੀ ਅਤੇ ਅੰਮ੍ਰਿਤ ਸਮਾਨ ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਗਰਭਵਤੀ ਔਰਤਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਰੋਜ਼ਾਨਾ ਦੀ ਖ਼ੁਰਾਕ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਰਹਿਣ ਅਤੇ ਹਮੇਸ਼ਾ ਸਾਫ਼-



ਸੁਥਰਾ ਤੇ ਪੌਸ਼ਟਿਕ ਭੋਜਨ ਹੀ ਗ੍ਰਹਿਣ ਕਰਨ। ਡਾ. ਸ਼ਰਮਾ ਨੇ ਔਰਤਾਂ ਨੂੰ ਸਿਹਤਮੰਦ ਰਹਿਣ ਦਾ ਵੱਲ ਦੱਸਦਿਆਂ ਪ੍ਰੇਰਿਤ ਕੀਤਾ ਕਿ ਉਹ ਬਾਸੀ ਸਬਜ਼ੀਆਂ ਅਤੇ ਫ੍ਰਿਜ ਵਿੱਚ ਰੱਖੇ ਹੋਏ ਪੁਰਾਣੇ ਖਾਣੇ ਦੇ ਸਾਮਾਨ ਦੀ ਵਰਤੋਂ ਕਰਨ ਤੋਂ ਬਿਲਕੁਲ ਪਰਹੇਜ਼ ਕਰਨ। ਇਸ ਮਮਤਾ ਦਿਵਸ ਮੌਕੇ ਬੱਚਿਆਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਰੂਟੀਨ ਮੁਤਾ-ਬਕ ਟੀਕਾਕਰਨ ਵੀ ਕੀਤਾ ਗਿਆ ਅਤੇ ਮੌਜੂਦ ਬੱਚਿਆਂ ਨੂੰ ਲੋੜੀਂਦੇ ਟੀਕੇ ਲਗਾਏ ਗਏ।

ਇਸ ਜਾਗਰੂਕਤਾ ਅਤੇ ਟੀਕਾਕਰਨ ਕੈਂਪ ਦੌਰਾਨ ਡਾਕਟਰ ਵਿਸ਼ਾਲੀ ਸ਼ਰਮਾ, ਸੁਪਰਵਾਈਜ਼ਰ ਜਸਵਿੰਦਰ ਕੌਰ, ਪ੍ਰਵੀਨ ਕੁਮਾਰੀ, ਕਨਵਲ ਕੁਮਾਰ, ਆਸ਼ਾ ਵਰਕਰ ਸੰਤੋਸ਼ ਕੁਮਾਰੀ ਅਤੇ ਸਤੀਸ਼ ਸਮੇਤ ਹੋਰ ਸਿਹਤ ਕਰਮੀ ਤੇ ਪਿੰਡ ਵਾਸੀ ਹਾਜ਼ਰ ਸਨ।

# ਰੋਪੜ੍ਹ -ਬਲਾਚੌਰ ਨੈਸ਼ਨਲ ਹਾਈਵੇ 'ਤੇ ਸੜਕ ਕਿਨਾਰੇ ਲੱਗੀ ਅੱਗ 'ਤੇ ਫਾਇਰ ਬ੍ਰਿਗੇਡ ਵਲੋਂ ਪਾਇਆ ਗਿਆ ਕਾਬੂ

**ਨਵਾਂਸ਼ਹਿਰ /ਕਾਠਗੜ੍ਹ , 27 ਮਈ (ਜਤਿੰਦਰ ਪਾਲ ਸਿੰਘ ਕਲੇਰ)** ਰੋਪੜ੍ਹ - ਬਲਾਚੌਰ ਨੈਸ਼ਨਲ ਹਾਈਵੇ 'ਤੇ ਪੈਂਦੇ ਪਿੰਡ ਰੱਕੜਾਂ ਅਤੇ ਲੋਹਟਾਂ ਦੇ ਵਿਚਕਾਰ ਸੜਕ ਕਿਨਾਰੇ ਖੜ੍ਹੇ ਝਾੜੀਆਂ ਅਤੇ ਦਰੱਖਤਾਂ ਨੂੰ ਅਚਾਨਕ ਭਿਆਨਕ ਅੱਗ ਲੱਗ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਅੱਗ ਲੱਗਣ ਦੀ ਇਸ ਘਟਨਾ ਦਾ ਪਤਾ ਚੱਲਦਿਆਂ ਹੀ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਨੇ ਮੁਸਤੈਦੀ ਦਿਖਾਉਂਦੇ ਹੋਏ ਤੁਰੰਤ ਕਾਰਵਾਈ ਕੀਤੀ। ਹਾਈਵੇ ਅਥਾਰਟੀ ਵਲੋਂ ਨਵਾਂਸ਼ਹਿਰ ਤੋਂ ਫਾਇਰ ਬ੍ਰਿਗੇਡ ਦੀ ਗੱਡੀ ਨੂੰ ਮੌਕੇ 'ਤੇ ਸੱਦਿਆ ਗਿਆ, ਜਿਸ ਤੋਂ ਬਾਅਦ ਫਾਇਰ ਬ੍ਰਿਗੇਡ ਦੇ ਕਰਮਚਾਰੀਆਂ ਨੇ ਭਾਰੀ





ਮੁਸ਼ੱਕਤ ਨਾਲ ਅੱਗ 'ਤੇ ਪੂਰੀ ਤਰ੍ਹਾਂ ਕਾਬੂ ਪਾਉਂਦਿਆਂ ਇਸ ਨੂੰ ਹੋਰ ਫੈਲਣ ਤੋਂ ਰੋਕਿਆ ਅਤੇ ਬੁਝਾਇਆ । ਅਧਿਕਾਰੀਆਂ ਦੀ ਇਸ ਤੁਰੰਤ ਕਾਰਵਾਈ ਸਦਕਾ ਹਾਈਵੇ 'ਤੇ ਕੋਈ ਵੱਡਾ ਹਾਦਸਾ ਹੋਣੋਂ ਬਚ ਗਿਆ।

# ਨੌਜਵਾਨ ਭਾਰਤ ਸਭਾ ਵੱਲੋਂ ਪਿੰਡ ਸਵੱਦੀ ਖੁਰਦ ਵਿੱਚ ਚੱਲ ਰਹੀਆਂ ਮੁਸ਼ਕਿਲਾਂ ਸੰਬੰਧੀ ਪਿੰਡ ਦੇ ਲੋਕਾਂ ਨਾਲ ਮੀਟਿੰਗ ਕੀਤੀ ਗਈ

**ਰਾਏਕੋਟ - 27ਮਈ ( ਗੁਰਭਿੰਦਰ ਗੁਰੀ )** ਪਿੰਡ ਸਵੱਦੀ ਖੁਰਦ ਵਿੱਚ ਕਾਫੀ ਲੰਮੇ ਸਮੇ ਤੋਂ ਪਿੰਡ ਦੀਆਂ ਗਲੀਆਂ, ਨਾਲੀਆਂ ਤੇ ਸੜਕਾਂ ਦੀ ਹਾਲਤ ਬਹੁਤ ਤਰਸਯੋਗ ਹੈਂ, ਜਿਸ ਕਰਕੇ ਪਿੰਡ ਦੇ ਲੋਕਾਂ ਨੂੰ ਇਹਨਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈਂ , ਵਾਰਿਸ਼ ਦੇ ਮੌਸਮ ਵਿੱਚ ਛੱਪੜਾਂ ਦਾ ਪਾਣੀ ਓਵਰਫਲੋ ਹੋਣ ਕਰਕੇ ਸਾਰਾ ਪਾਣੀ ਗਲੀਆਂ ਵਿੱਚ ਖੜ੍ਹ ਜਾਂਦਾ ਹੈਂ, ਜਿਸ ਕਰਕੇ ਲੋਕਾਂ ਦਾ ਆਉਣਾ-ਜਾਣਾ ਮੁਸ਼ਕਿਲ ਹੋ ਜਾਂਦਾ ਹੈਂ, ਤੇ ਗੰਦੇ ਪਾਣੀ ਕਰਕੇ ਬੀਮਾਰੀਆਂ ਦਾ ਖਤਰਾ ਵੀ ਕਾਫੀ ਵੱਧ ਜਾਂਦਾ ਹੈਂ, ਇਸਦੇ ਨਾਲ ਕੁੱਝ ਘਰਾਂ ਵਿੱਚ ਪਾਣੀ ਦੀ ਨਿਕਾਸੀ ਲਈ ਨਾਲੀਆਂ ਦਾ ਵੀ ਕੋਈ ਪ੍ਰਬੰਧ ਨਹੀਂ ਹੈ, ਤੇ ਪਿੰਡ ਦੇ ਖਿਡਾਰੀਆਂ ਤੇ ਨੌਜਵਾਨ ਲਈ



ਪਿੰਡ ਵਿੱਚ ਕੋਈ ਖੇਡ ਮੈਦਾਨ ਤੇ ਜਿੰਮ ਦਾ ਕੋਈ ਖਾਸ ਪ੍ਰਬੰਧ ਨਹੀਂ ਹੈਂ, ਇਹਨਾਂ ਮੁਸ਼ਕਿਲਾ ਨੂੰ ਧਿਆਨ ਵਿੱਚ ਰੱਖਦਿਆਂ ਨੌਜਵਾਨ ਭਾਰਤ ਸਭਾ ਦੇ ਆਗੂ ਹਰਦੀਪ ਸਿੰਘ, ਸਵੱਦੀ , ਧਰਮਿੰਦਰ ਸਿੰਘ, ਸੁਖਜੀਵਨ ਸਿੰਘ ਖਾਲਸਾ, ਗੁਰਵਿੰਦਰ ਸਿੰਘ, ਜਸਨਦੀਪ ਸਿੰਘ, ਆਦਿ ਨੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਨੌਜਵਾਨ ਭਾਰਤ ਸਭਾ ਦੇ ਜਨਰਲ ਸਕੱਤਰ ਕਰਮਜੀਤ ਸਿੰਘ ਕੋਟਕਪੂਰਾ ਦੇ ਧਿਆਨ ਵਿੱਚ ਲਿਆਂਦਾ, ਜਿਸ ਵਿੱਚ ਪਿੰਡ ਦੇ ਲੋਕਾਂ ਨਾਲ ਗੱਲ ਬਾਤ ਕਰਕੇ ਇਹਨਾਂ ਮੁਸ਼ਕਿਲਾ ਦੇ ਹੱਲ ਲਈ ਮੋਜੂਦਾ ਸਰਕਾਰ ਦੀ ਐਮ,ਐਲ,ਏ ਸਰਬਜੀਤ ਕੌਰ ਮਾਣੂੰਕੇ ਨੂੰ ਪਿੰਡ ਦੀਆਂ ਮੰਗਾਂ ਸਬੰਧੀ 30 ਮਈ ਨੂੰ ਮੰਗ ਪੱਤਰ ਸੌਂਪਿਆ ਜਾਵੇਗਾ, ਜੇਕਰ ਹੱਲ ਨਾ ਹੋਇਆ ਤਾਂ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ ਪੈਟਰੋਲ ਡੀਜਲ ਦੀਆਂ ਵਧੀਆਂ ਕੀਮਤਾਂ, ਮਹਿੰਗਾਈ ਖਿਲਾਫ, ਗੈਸ ਸਿਲੰਡਰਾਂ ਦੀ ਨਿਰਵਿਘਨ ਸਪਲਾਈ ਲਈ ਰੋਸ ਪ੍ਰਦਰਸ਼ਨ ਵੀ ਕੀਤਾ ਗਿਆ।

# ਜ਼ਿਲ੍ਹਾ ਚੋਣ ਅਫ਼ਸਰ ਵਲੋਂ ਈ.ਵੀ.ਐਮ. ਵੇਅਰਹਾਊਸ ਦੀ ਮਾਸਿਕ ਪੜਤਾਲ, ਲਾਗ ਬੁੱਕ, ਐਂਟਰੀ ਰਜਿਸਟਰ ਕੀਤੇ ਚੈੱਕ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਅੱਜ ਜ਼ਿਲ੍ਹਾ ਪੱਧਰੀ ਈ.ਵੀ.ਐਮ. ਵੇਅਰਹਾਊਸ ਦੀ (ਬਿਨਾਂ ਖੋਲ੍ਹੇ) ਮਈ ਮਹੀਨੇ ਦੀ ਪੜਤਾਲ ਕੀਤੀ ਗਈ ਜਿਸ ਦੌਰਾਨ ਲਾਗ ਬੁੱਕ, ਐਂਟਰੀ ਰਜਿਸਟਰ ਦੀ ਜਾਂਚ ਕੀਤੀ ਗਈ ਤਾਂ ਜੋ ਪਾਰਦਰਸ਼ਤਾ ਅਤੇ ਸੁਰੱਖਿਆ ਨੂੰ ਬਰਕਰਾਰ ਰੱਖਿਆ ਜਾ ਸਕੇ। ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਦੱਸਿਆ ਕਿ ਵੇਅਰਹਾਊਸ ਅਤੇ ਵੋਟਿੰਗ ਮਸ਼ੀਨਾਂ ਦੀ ਮਾਸਿਕ ਪੜਤਾਲ ਅਹਿਮ ਪ੍ਰਕਿਰਿਆ ਹੈ ਜਿਸ ਦੌਰਾਨ ਵੇਅਰਹਾਊਸ ਦੀ ਸਮੁੱਚੀ ਵਿਵਸਥਾ ਦਾ ਜਾਇਜ਼ਾ ਲਿਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਵੇਅਰਹਾਊਸ ਦੇ ਮਾਪ ਦੰਡ ਵਧੀਆ ਪਾਏ ਗਏ ਹਨ। ਡਿਪਟੀ ਕਮਿਸ਼ਨਰ ਨੇ ਮੌਕੇ 'ਤੇ ਮੌਜੂਦ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਸਪੈਸ਼ਲ ਇੰਟੈਸਿਵ ਰਿਵੀਜ਼ਨ (ਐਸ.ਆਈ.ਆਰ) ਦੇ ਮੱਦੇਨਜ਼ਰ ਬੂਥ ਲੈਵਲ ਏਜੰਟ ਲਾਉਣ ਲਈ



ਕਿਹਾ ਗਿਆ ਤਾਂ ਜੋ ਐਸ.ਆਈ.ਆਰ. ਦੀ ਪ੍ਰਕਿਰਿਆ ਵਿਚ ਸਿਆਸੀ ਪਾਰਟੀਆਂ ਦੀ ਬੂਥ ਪੱਧਰ 'ਤੇ ਸ਼ਮੂਲੀਅਤ ਹੋ ਸਕੇ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਵਿਚ ਐਸ.ਆਈ.ਆਰ. ਤਹਿਤ ਵੋਟਰ ਸੂਚੀਆਂ ਦੀ ਪੂਰੀ ਗਹੁ ਨਾਲ ਰਵੀਜ਼ਨ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਵਲੋਂ 14 ਮਈ ਨੂੰ ਜਾਰੀ ਕੀਤੇ ਸ਼ਡਿਊਲ ਅਨੁਸਾਰ 15 ਜੂਨ ਤੋਂ 24 ਜੂਨ ਤੱਕ ਜ਼ਿਲ੍ਹੇ ਵਿਚ ਐਸ.ਆਈ.ਆਰ. ਨੂੰ ਲੈ ਕੇ ਵਿਸਥਾਰ ਵਿਚ ਤਿਆਰੀ ਕਰਵਾਈ ਜਾਵੇਗੀ ਅਤੇ 25 ਜੂਨ ਤੋਂ ਲੈ ਕੇ 24 ਜੁਲਾਈ 2026 ਤੱਕ ਬੀ.ਐਲ.ਓਜ਼ ਵਲੋਂ ਘਰ-ਘਰ ਜਾ ਕੇ ਫਾਰਮ ਭਰਾਏ ਜਾਣਗੇ। ਉਨ੍ਹਾਂ ਕਿਹਾ ਕਿ ਬੀ.ਐਲ.ਓਜ਼ ਦਾ ਪੂਰਾ ਸਹਿਯੋਗ ਕੀਤਾ ਜਾਵੇ ਤਾਂ ਜੋ ਸਹੀ ਅਤੇ ਦਰੁੱਸਤ ਵੇਰਵੇ ਇਕੱਤਰ ਹੋ ਸਕਣ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 31 ਜੁਲਾਈ ਨੂੰ ਵੋਟਰ ਸੂਚੀਆਂ ਦਾ ਡਰਾਫ਼ਟ ਜਨਤਕ ਕੀਤਾ ਜਾਵੇਗਾ ਜੋ ਸਾਰੇ ਸਰਕਾਰੀ ਦਫ਼ਤਰਾਂ ਵਿਚ ਉਪਲਬੱਧ ਹੋਵੇਗਾ। ਉਨ੍ਹਾਂ ਦੱਸਿਆ ਕਿ 31 ਜੁਲਾਈ ਤੋਂ 30 ਅਗਸਤ ਤੱਕ ਡਰਾਫ਼ਟ ਬਾਰੇ ਵੋਟਰਾਂ ਅਤੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਤੋਂ ਦਾਅਵੇ ਅਤੇ ਇਤਰਾਜ ਪ੍ਰਾਪਤ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ 28 ਸਤੰਬਰ ਤੱਕ ਇਨ੍ਹਾਂ ਦਾਅਵਿਆਂ ਅਤੇ ਇਤਰਾਜਾਂ ਦਾ ਨਿਪਟਾਰਾ ਕੀਤਾ ਜਾਵੇਗਾ ਅਤੇ 1 ਅਕਤੂਬਰ 2026 ਨੂੰ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਹੋਵੇਗੀ।

## ਡੀ.ਸੀ. ਵੱਲੋਂ ਐਸ.ਬੀ.ਐਸ. ਨਗਰ ਵਿੱਚ ਐਸ.ਆਈ.ਆਰ. ਗਤੀਵਿਧੀਆਂ ਦੇ ਸੁਚਾਰੂ ਸੰਚਾਲਨ ਲਈ ਨੋਡਲ ਅਫ਼ਸਰ ਨਿਯੁਕਤ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਗੁਲਪ੍ਰੀਤ ਸਿੰਘ ਔਲਖ ਵੱਲੋਂ ਜ਼ਿਲ੍ਹੇ ਵਿੱਚ ਵੋਟਰ ਸੂਚੀਆਂ ਦੀ ਸਪੈਸ਼ਲ ਇੰਨਟੈਂਸਿਵ ਰਿਵੀਜ਼ਨ (ਐਸ.ਆਈ.ਆਰ.) ਗਤੀਵਿਧੀਆਂ ਦੇ ਸੁਚਾਰੂ ਸੰਚਾਲਨ ਅਤੇ ਪ੍ਰਭਾਵਸ਼ਾਲੀ ਪ੍ਰਬੰਧਨ ਲਈ ਜ਼ਿਲ੍ਹਾ ਪੱਧਰੀ ਨੋਡਲ ਅਫ਼ਸਰਾਂ ਅਤੇ ਸਹਾਇਕ ਨੋਡਲ ਅਫ਼ਸਰਾਂ ਦੀ ਨਿਯੁਕਤੀ ਕੀਤੀ ਗਈ ਹੈ। ਹੁਕਮ ਜਾਰੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਸਪੈਸ਼ਲ ਇੰਨਟੈਂਸਿਵ ਰਿਵੀਜ਼ਨ ਲਈ ਪ੍ਰੋਗਰਾਮ ਜਾਰੀ ਕੀਤਾ ਗਿਆ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਸਿੱਧੀ ਨਿਗਰਾਨੀ ਹੇਠ ਐਸ.ਆਈ.ਆਰ. ਨਾਲ ਸਬੰਧਤ ਹਰ ਗਤੀਵਿਧੀ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਮਰਪਿਤ ਟੀਮਾਂ ਦਾ ਗਠਨ ਕੀਤਾ ਗਿਆ ਹੈ। ਸ਼੍ਰੀ ਔਲਖ ਨੇ



ਦੱਸਿਆ ਕਿ ਨਿਯੁਕਤ ਕੀਤੇ ਗਏ ਨੋਡਲ ਅਫ਼ਸਰ ਸ਼ਿਕਾਇਤ ਨਿਵਾਰਣ, ਆਈ.ਟੀ. ਸਬੰਧੀ ਸਮੱਸਿਆਵਾਂ ਦੇ ਹੱਲ, ਟ੍ਰੇਨਿੰਗ ਪ੍ਰਬੰਧਨ, ਸਮੱਗਰੀ ਪ੍ਰਬੰਧਨ, ਸੋਸ਼ਲ ਮੀਡੀਆ ਤਾਲਮੇਲ, ਸਵੀਪ ਜਾਗਰੂਕਤਾ ਗਤੀਵਿਧੀਆਂ, ਐਸ.ਆਈ.ਆਰ. ਸਬੰਧੀ ਅਹਿਮ ਮੁੱਦਿਆਂ ਦੀ ਰਿਪੋਰਟਿੰਗ, ਕਾਨੂੰਨੀ ਮਾਮਲੇ, ਬੀ.ਐਲ.ਓਜ਼ ਦੀ ਭਲਾਈ ਅਤੇ ਹੈਲਪ ਡੈਸਕ ਸੰਚਾਲਨ ਵਰਗੇ ਮਹੱਤਵਪੂਰਨ ਕਾਰਜਾਂ ਦੀ ਨਿਗਰਾਨੀ ਕਰਨਗੇ। ਉਨ੍ਹਾਂ ਦੱਸਿਆ ਕਿ ਬਿਹਤਰ ਤਾਲਮੇਲ ਅਤੇ ਰਿਵੀਜ਼ਨ ਪ੍ਰਕਿਰਿਆ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਸਹਾਇਕ ਨੋਡਲ ਅਫ਼ਸਰ ਵੀ ਤਾਇਨਾਤ ਕੀਤੇ ਗਏ ਹਨ। ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਇਹ ਟੀਮਾਂ ਐਸ.ਆਈ.ਆਰ. ਪ੍ਰਕਿਰਿਆ ਦੌਰਾਨ ਲੋਕਾਂ ਦੀ ਸਹਾਇਤਾ ਵੀ ਕਰਨਗੀਆਂ ਅਤੇ ਇਹ ਯਕੀਨੀ ਬਣਾਉਣਗੀਆਂ ਕਿ ਯੋਗ ਵੋਟਰਾਂ ਨੂੰ ਦਸਤਾਵੇਜ਼ੀ ਅਤੇ ਤਸਦੀਕੀ ਕਾਰਵਾਈ ਦੌਰਾਨ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਲੋਕਾਂ ਦੀ ਐਸ.ਆਈ.ਆਰ. ਸਬੰਧੀ ਸਮੱਸਿਆਵਾਂ ਦੇ ਹੱਲ ਲਈ ਇੱਕ ਸਮਰਪਿਤ ਹੈਲਪ ਡੈਸਕ ਅਤੇ ਸ਼ਿਕਾਇਤ ਸੈੱਲ ਵੀ ਸਥਾਪਿਤ ਕੀਤਾ ਜਾਵੇਗਾ।

# ਸੋਹਣੇ ਸੱਜਣ ਨੂੰ ਅਰਜੋਈ



ਤੈਨੂੰ ਚੰਨ ਕਹਾਂ ਕਿ ਸੂਰਜ
ਸੋਹਣਿਆਂ ਸੱਜਣਾ ਵੇ ।
ਕਰਕੇ ਦਿਲ ਦਾ ਸੌਦਾ ਨਹੀਂ
ਮੈਦਾਨੋਂ ਭੱਜਣਾ ਵੇ ।
ਤੈਨੂੰ ਗੱਲ ਅਖ਼ੀਰੀ ਬਹਿ ਕੇ
ਹੁਣ ਤਾਂ ਦੱਸਣੀਂ ਪਊ ;
ਸਾਡੇ ਮੱਥੇ 'ਤੇ ਕਦੋਂ ਟਿੱਕਾ ,
ਬਣ ਕੇ ਲੱਗਣਾ ਵੇ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ**
**ਸੰਗਰੂਰ -9914836037**

# ਕਵਿਤਾ

ਲੋਹੇ ਦਾ ਕਿੱਲ ਮਿੱਤਰੋ,
ਬੱਚੇ ਰੱਖੀਏ ਚੰਡ ਕੇ ਸਦਾ
ਬਹੁਤੀ ਦਈਏ ਨਾ ਢਿੱਲ ਮਿੱਤਰੋ।
ਕੋਠੇ ਤੇ ਚਿੜੀਆਂ ਨੇ,
ਇਹ ਰਹਿਣ ਸਲਾਮਤ ਸਦਾ
ਕਾਫੀ ਚਿਰ ਪਿੱਛੋਂ ਦਿੱਸੀਆਂ ਨੇ।
ਅੰਬਰ ਤੇ ਫਿਰ ਘਟਾ ਛਾਈ ਏ,
ਰੱਬ ਕਰਕੇ ਮੀਂਹ ਨਾ ਪਵੇ
ਪਹਿਲਾਂ ਹੀ ਹੋਈ ਬਹੁਤ ਤਬਾਹੀ ਏ।
ਬੱਸ ਅੱਡੇ ਤੋਂ ਤੁਰ ਪਈ ਏ,
ਖੜੀਆਂ ਸਵਾਰੀਆਂ ਨੇ ਔਖੀਆਂ
ਇਹ ਪੂਰੀ ਭਰੀ ਹੋਈ ਏ।
ਪੱਥਰ ਸੜਕ ਵਿਚਕਾਰ ਪਿਆ,
ਏਨੀ ਮਹਿੰਗਾਈ ਦੇ ਵਿੱਚ
ਜਿਉਣ ਦਾ ਕੋਈ ਮਜ਼ਾ ਨਾ ਰਿਹਾ।
ਕੁਰੱਪਸ਼ਨ ਵਿਰੁੱਧ ਮੁਹਿੰਮ ਚੱਲ ਰਹੀ,
ਲੋਕਾਂ ਦੇ ਜਾਇਜ਼ ਕੰਮ ਵੀ
ਕਰਨੋਂ ਹੱਟ ਗਏ ਅਫਸਰ ਕਈ।
ਬਦਲਾਅ ਹੋਇਆ ਲੱਗਦਾ ਏ,
ਲੋਕਾਂ ਨੂੰ ਘਰ ਬਣਾਉਣ ਲਈ
ਰੇਤਾ ਬੜਾ ਔਖਾ ਮਿਲਦਾ ਏ।



**ਮਹਿੰਦਰ ਸਿੰਘ ਮਾਨ**
**ਚੈਨਲਾਂ ਵਾਲੀ ਕੋਠੀ**
**ਨਵਾਂ ਸ਼ਹਿਰ-9915803554**

# ਕਿਰਤ ਦਾ ਸੂਹਾ ਸੂਰਜ

ਇਹ ਦਾਸਤਾਨ ਸ਼ਿਕਾਗੋ ਦੀ, ਜੋ ਅਣਖਾਂ ਦੀ ਤਵਾਰੀਖ਼ ਹੋਈ,
ਜਦੋਂ ਕਿਰਤੀਆਂ ਦੀ ਹਿੱਕ 'ਤੇ, ਸੀ ਜ਼ੁਲਮ ਦੀ ਤਾਲੀਖ਼ ਹੋਈ।
ਹੱਕਾਂ ਦਾ ਜਦ ਹੋਕਾ ਗੂੰਜਿਆ, ਤਾਂ ਹਾਕਮ ਨੇ ਤਲਵਾਰ ਖਿੱਚੀ,
ਪਰ ਏਕੇ ਦੇ ਤੂਫ਼ਾਨ ਨੇ, ਅੱਗੇ ਨੂੰ ਪੈਰਾਂ ਦੀ ਕਾਰ ਖਿੱਚੀ।

ਉਹ ਮਿੱਲਾਂ ਦੇ ਮਾਲਕ ਨਹੀਂ ਸੀ, ਉਹ ਤਾਂ ਲੋਟੂਆਂ ਦੇ ਕਿਰਦਾਰ ਸਨ,
ਜਿਹਨਾਂ ਦੀਆਂ ਤਿਜੋਰੀਆਂ ਦੇ ਪਿੱਛੇ, ਕਿਰਤੀਆਂ ਦੀ ਪਰਿਵਾਰ ਸਨ।
ਸੰਵਿਧਾਨ ਦੀਆਂ ਪਾਕ ਕਿਤਾਬਾਂ, ਉਹਨਾਂ ਨੇ ਖ਼ੂਨ 'ਚ ਡੋਬ ਦਿੱਤੀਆਂ,
ਮਜ਼ਦੂਰਾਂ ਦੀਆਂ ਜੀਭਾਂ ਉਹਨਾਂ, ਗੋਲੀਆਂ ਦੇ ਨਾਲ ਗੋਬ ਦਿੱਤੀਆਂ।
ਗੁੰਡਿਆਂ ਦੇ ਪਰਛਾਵਿਆਂ ਹੇਠ, ਉਹ ਜੰਗ ਜਿੱਤਣੀ ਚਾਹੁੰਦੇ ਸੀ,
ਪਰ ਭੁੱਲ ਗਏ ਕਿ ਉਹ ਲਹੂ ਦੇ ਨਾਲ, ਕ੍ਰਾਂਤੀ ਬੀਜਣਾ ਚਾਹੁੰਦੇ ਸੀ।

ਇੱਕ ਮਾਂ ਦਾ ਦੀਪਕ ਬੁਝਿਆ, ਅੰਨ੍ਹੀ ਗੋਲਾਬਾਰੀ ਵਿੱਚ,
ਪਰ ਰੋਹ ਦਾ ਸੂਰਜ ਉੱਗਿਆ, ਉਸ ਮੌਤ ਦੀ ਕਿਆਰੀ ਵਿੱਚ।
ਮਾਂ ਨੇ ਹੰਝੂ ਕੇਰਨ ਦੀ ਥਾਂ, ਮਮਤਾ ਦਾ ਰੰਗ ਬਦਲ ਲਿਆ,
ਪੁੱਤ ਦੇ ਸੂਹੇ ਲਹੂ ਵਿੱਚ, ਦੁਪੱਟਾ ਆਪਣਾ ਰੰਗ ਲਿਆ।
ਉਹ ਲਾਲ ਲੀਰ ਨਹੀਂ, ਉਹ ਤਾਂ ਕਿਰਤ ਦਾ ਪਰਚਮ ਸੀ,
ਜੋ ਸ਼ਹਿਰ ਸ਼ਿਕਾਗੋ ਘੁੰਮਿਆ, ਬਣਿਆ ਜ਼ੁਲਮ ਦਾ ਮਾਤਮ ਸੀ।

ਕਿਰਤੀ ਦੀ ਮਜ਼ਦੂਰੀ, ਰੱਬ ਦੀ ਨਿਆਮਤ ਹੁੰਦੀ ਹੈ,
ਮੁੜ੍ਹਕਾ ਸੁੱਕਣ ਤੋਂ ਪਹਿਲਾਂ ਦੇਣਾ, ਅਸਲ ਸਿਆਣਪ ਹੁੰਦੀ ਹੈ।
ਜੋ ਟਾਲ-ਮਟੋਲ ਕਰਦੇ ਨੇ, ਉਹ ਬੰਦੇ ਨਹੀਂ ਕਮੀਨੇ ਨੇ,
ਦੂਜਿਆਂ ਦੇ ਹੱਕ ਮਾਰਨ ਵਾਲੇ, ਪੱਥਰਾਂ ਵਰਗੇ ਸੀਨੇ ਨੇ।
ਵੱਧ ਕੰਮ ਤੇ ਉਜਰਤ ਥੋੜ੍ਹੀ, ਇਹ ਕੋਈ ਦਸਤੂਰ ਨਹੀਂ,
ਇਨਸਾਫ਼ ਤੋਂ ਬਿਨਾਂ ਮਨੁੱਖਤਾ, ਕਦੇ ਵੀ ਪੂਰਨ ਨੂਰ ਨਹੀਂ।

ਅੱਜ ਦੇ ਜੁੱਗ ਨੂੰ 'ਖਿੱਚੀ', ਇੱਕ ਨਵਾਂ ਸਿਰਨਾਵਾਂ ਦੇਈਏ,
ਲੁੱਟ-ਖਸੁੱਟ ਦੀਆਂ ਸਦੀਆਂ ਨੂੰ, ਮੁਕਤੀ ਦਾ ਪਰਛਾਵਾਂ ਦੇਈਏ।
ਜਿੱਥੇ ਹੱਕ ਲਤਾੜੇ ਜਾਣਗੇ, ਉੱਥੇ 'ਲਾਲ ਫਰੇਰੇ' ਝੁੱਲਣਗੇ,
ਮਿਹਨਤਕਸ਼ਾਂ ਦੇ ਜਾਗ ਪਏ ਮਨ, ਹੁਣ ਰਾਹ ਕਦੇ ਨਾ ਭੁੱਲਣਗੇ।
ਚੰਗੇ ਅਸੂਲ ਘੜੀਏ ਆਪਾਂ, ਏਕੇ ਦੀ ਇੱਕ ਤਾਰ ਹੋਵੇ,
ਹਰ ਕਿਰਤੀ ਦੇ ਮੱਥੇ ਉੱਤੇ, ਜਿੱਤ ਦੀ ਚਮਕ ਦਾ ਹਾਰ ਹੋਵੇ।



**ਪ੍ਰੋ. ਪਵਨ ਖਿੱਚੀ, ਮਾਨਸਾ**
**ਮੋਬਾ. 9478160786**

# ਦਰਦ ਬਿਆਨੀ

ਸੱਟ ਵੀ ਖਾਧੀ ਦਰਦ ਵੀ ਝੱਲੇ।
ਹੰਝ ਵਹਾਏ ਬਹਿ ਕੇ ਕੱਲੇ।

ਦਰਦ ਸੁਣਣ ਲਈ ਕੋਈ ਨੀ ਵਿਹਲਾ।
ਅਸਾਂ ਨੇ ਲੱਖ ਸੁਨੇਹੇ ਘੱਲੇ ।

ਕਿਸੇ ਨੂੰ ਕੋਈ ਫਰਕ ਨਹੀਂ ਪੈਂਦਾ।
ਭਾਵੇਂ ਕੋਈ ਦੁਨੀਆਂ ਛੱਡ ਚੱਲੇ ।

ਜਿਸ ਦਿਨ ਨਬਜਾਂ ਖੜ ਖੜ ਗਈਆਂ।
ਸਭ ਨੇ ਆ ਦਰਵਾਜ਼ੇ ਮੱਲੇ।

ਪੈਸੇ, ਪਿਆਰ ਤੇ ਰਿਸ਼ਤੇ ਨਾਤੇ।
ਕੋਈ ਨਹੀਂ ਵੇਂਹਦਾ ਸਾਡੇ ਵੱਲੇ।

ਫੋਕੇ ਦਾਅਵੇ ਕਰਦਾ ਰਹਿ ਗਿਆ।
ਕੌਰੇਆਣਾ ਦੇ ਕੁੱਝ ਨਹੀਂ ਪੱਲੇ।



**ਗੁਰਦੀਪ ਕੌਰੇਆਣਾ।**



# ਕਾਵਿ-ਸੰਗ੍ਰਹਿ ਕੂੰਜ ਉਡਾਰੀ ਬਾਰੇ ਵਿਚਾਰ

**ਧੂਰੀ (ਸਤਨਾਮ ਸਿੰਘ ਸਹੂੰਗੜਾ)** ਡਾ. ਹਰਕੇਸ਼ ਸਿੰਘ ਸਿੱਧੂ ਦਾ ਕਾਵਿ-ਸੰਗ੍ਰਹਿ 'ਕੂੰਜ ਉਡਾਰੀ' ਸਮਾਜਿਕ ਚੇਤਨਾ, ਰੂਹਾਨੀਅਤ, ਮਨੁੱਖੀ ਸੰਵੇਦਨਾਵਾਂ ਅਤੇ ਪੰਜਾਬੀ ਸੱਭਿਆਚਾਰ ਦਾ ਸੁੰਦਰ ਸੁਮੇਲ ਹੈ। ਇਸ ਪੁਸਤਕ ਵਿੱਚ ਕਵੀ ਨੇ ਪੰਜਾਬ ਦੇ ਮੌਜੂਦਾ ਹਾਲਾਤਾਂ, ਭ੍ਰਿਸ਼ਟਾਚਾਰ, ਨਸ਼ਿਆਂ, ਕਿਸਾਨਾਂ ਅਤੇ ਮਜ਼ਦੂਰਾਂ ਦੀ ਪੀੜ, ਟੁੱਟਦੇ ਰਿਸ਼ਤੇ ਅਤੇ ਨੈਤਿਕ ਕਦਰਾਂ ਕੀਮਤਾਂ ਦੀ ਗਿਰਾਵਟ ਨੂੰ ਬੜੀ ਨਿਡਰਤਾ ਨਾਲ਼ ਪੇਸ਼ ਕੀਤਾ ਹੈ। ਕਵੀ ਦੀ ਕਲਮ ਸੱਚ ਨੂੰ ਬੇਬਾਕੀ ਨਾਲ਼ ਬਿਆਨ ਕਰਦੀ ਹੈ, ਜਿਸ ਦਾ ਪਾਠਕ ਦੇ ਮਨ 'ਤੇ ਡੂੰਘਾ ਅਸਰ ਪੈਂਦਾ ਹੈ। ਜਿਵੇਂ ਕਵੀ ਕਹਿੰਦਾ ਹੈ, "ਮੇਰੇ ਸੋਹਣੇ ਪੰਜਾਬ ਨੂੰ ਕੀ ਹੋਇਆ" ਇਹ ਸਿਰਫ਼ ਇੱਕ ਕਾਵਿ-ਤੁਕ ਨਹੀਂ, ਸਗੋਂ ਅੱਜ ਦੇ ਪੰਜਾਬ ਦੇ ਦਰਦ ਦੀ ਪੁਕਾਰ ਹੈ। ਕਿਤਾਬ ਦਾ ਸਿਰਲੇਖ 'ਕੂੰਜ ਉਡਾਰੀ' ਵੀ ਬਹੁਤ ਅਰਥਪੂਰਨ ਹੈ, ਕਿਉਂਕਿ ਜਿਵੇਂ ਕੂੰਜ ਖੁੱਲ੍ਹੇ ਅਸਮਾਨ ਵਿੱਚ ਉਡਾਰੀ ਭਰਦੀ ਹੈ, ਉਸੇ ਤਰ੍ਹਾਂ ਕਵੀ ਦੀ ਸੋਚ ਵੀ ਸਮਾਜ ਦੇ ਹਰ ਪੱਖ ਨੂੰ ਛੂੰਹਦੀ ਹੈ। ਕਵਿਤਾਵਾਂ ਵਿੱਚ ਮਲਵਈ ਲੋਕ-ਬੋਲੀ ਦੀ ਮਿਠਾਸ, ਰਵਾਇਤੀ ਛੰਦਾਂ ਦੀ ਲੈਅ ਅਤੇ ਸੰਗੀਤਕ ਰਵਾਨੀ ਪਾਠਕ ਨੂੰ ਅਪਣੇ ਨਾਲ਼ ਜੋੜ ਕੇ




ਰੱਖਦੀ ਹੈ। ਕਈ ਥਾਵਾਂ 'ਤੇ ਕਵੀ ਦੀ ਸ਼ਾਇਰੀ ਦਿਲ ਨੂੰ ਛੂਹ ਜਾਂਦੀ ਹੈ, ਜਿਵੇਂ 'ਰਿਸ਼ਤੇ ਮਰ ਕੇ ਮੁੱਕਦੇ ਨਾਹੀਂ' ਇਹ ਕਾਵਿ-ਤੁਕ ਮਨੁੱਖੀ ਜਜ਼ਬਾਤਾਂ ਅਤੇ ਪਿਆਰ ਦੀ ਡੂੰਘਾਈ ਨੂੰ ਬਹੁਤ ਖ਼ੂਬਸੂਰਤੀ ਨਾਲ਼ ਬਿਆਨ ਕਰਦੀ ਹੈ। ਇਸੇ ਤਰ੍ਹਾਂ ਕਵੀ ਦੀ ਸਮਾਜਿਕ ਸੋਚ ਵੀ ਬੜੀ ਪ੍ਰਭਾਵਸ਼ਾਲੀ ਹੈ, ਜਿੱਥੇ ਉਹ ਕਹਿੰਦਾ ਹੈ ਕਿ ਸੱਚ ਅਤੇ ਇਨਸਾਫ਼ ਲਈ ਲੋਕਾਂ ਨੂੰ ਇਕੱਠੇ ਹੋਣ ਦੀ ਲੋੜ ਹੈ। ਕਿਤਾਬ ਵਿੱਚ ਇਸ਼ਕ, ਵਿਛੋੜਾ, ਰੂਹਾਨੀਅਤ, ਸੰਘਰਸ਼ ਅਤੇ ਪੰਜਾਬੀਅਤ ਦੀ ਖ਼ੁਸ਼ਬੂ ਹਰ ਪੰਨੇ 'ਤੇ ਮਹਿਸੂਸ ਹੁੰਦੀ ਹੈ। ਸਮੁੱਚੇ ਤੌਰ 'ਤੇ 'ਕੂੰਜ ਉਡਾਰੀ' ਇੱਕ ਪ੍ਰਭਾਵਸ਼ਾਲੀ ਅਤੇ ਚਿੰਤਨਸ਼ੀਲ ਕਾਵਿ-ਸੰਗ੍ਰਹਿ ਹੈ, ਜੋ ਪਾਠਕ ਨੂੰ ਸਿਰਫ਼ ਪੜ੍ਹਨ ਲਈ ਹੀ ਨਹੀਂ, ਸਗੋਂ ਸੋਚਣ ਲਈ ਵੀ ਮਜ਼ਬੂਰ ਕਰਦਾ ਹੈ ਅਤੇ ਪੰਜਾਬੀ ਸਾਹਿਤ ਵਿੱਚ ਅਪਣੀ ਨਿਵੇਕਲੀ ਪਹਿਚਾਣ ਬਣਾਉਂਦਾ ਹੈ। 'ਧੂਰੀ ਸਾਹਿਤ ਪ੍ਰਕਾਸ਼ਨ' ਪੰਜਾਬੀ ਸਾਹਿਤ ਸੇਵਾ ਵਿੱਚ ਮਹੱਤਵਪੂਰਨ ਅਤੇ ਮਾਣਮੱਤਾ ਯੋਗਦਾਨ ਪਾ ਰਿਹਾ ਹੈ। 'ਕੂੰਜ ਉਡਾਰੀ' ਵਰਗੇ ਸੁੰਦਰ ਕਾਵਿ-ਸੰਗ੍ਰਹਿ ਨੂੰ ਪ੍ਰਕਾਸ਼ਿਤ ਕਰ ਕੇ ਇਸ ਸੰਸਥਾ ਨੇ ਸਾਹਿਤ ਪ੍ਰੇਮੀਆਂ ਤਕ ਇੱਕ ਵਧੀਆ ਕਾਵਿ-ਸੰਗ੍ਰਹਿ ਪਹੁੰਚਦਾ ਕੀਤਾ ਹੈ। ਰਣਜੀਤ ਸਿੰਘ ਧੂਰੀ 'ਸੰਚਾਲਕ, ਧੂਰੀ ਗ਼ਜ਼ਲ ਸਕੂਲ ਅਤੇ ਧੂਰੀ ਸਾਹਿਤ ਪ੍ਰਕਾਸ਼ਨ' ਵੱਲੋਂ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਉਪਰਾਲੇ ਕਾਬਿਲ-ਏ-ਤਾਰੀਫ਼ ਹਨ। ਇਹ ਕਿਤਾਬ ਤੁਸੀਂ ਲੇਖ਼ਕ ਡਾ. ਹਰਕੇਸ਼ ਸਿੰਘ ਸਿੱਧੂ ਕੋਲੋਂ ਮੰਗਵਾ ਸਕਦੇ ਹੋ। ਮੋਬਾਈਲ ਨੰਬਰ 98140-53272 ਇਹ ਕਿਤਾਬ ਮੰਗਵਾਉਣ ਲਈ ਤੁਸੀਂ ਧੂਰੀ ਸਾਹਿਤ ਪ੍ਰਕਾਸ਼ਨ ਨਾਲ਼ ਵੀ ਸਪੰਰਕ ਕਰ ਸਕਦੇ ਹੋ।

# ਜਥੇਦਾਰ ਮਨੋਹਰ ਸਿੰਘ ਖਾਲਸਾ ਨੂੰ ਲਗਾਇਆ ਆਜ਼ਾਦ ਸਮਾਜ ਪਾਰਟੀ (ਕਾਂਸ਼ੀ ਰਾਮ) ਲੁਧਿਆਣਾ ਦਾ ਜ਼ਿਲਾ ਦਿਹਾਤੀ ਪ੍ਰਧਾਨ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)** ਭੀਮ ਆਰਮੀ-ਆਜ਼ਾਦ ਸਮਾਜ ਪਾਰਟੀ (ਕਾਂਸ਼ੀ ਰਾਮ) ਨੇ ਜਿਲ੍ਹਾ ਲੁਧਿਆਣਾ ਵਿੱਚ ਵੱਖ ਵੱਖ ਅਹੁਦਿਆਂ ਤੇ ਨਿਯੁਕਤੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਜਥੇਦਾਰ ਮਨੋਹਰ ਸਿੰਘ ਖਾਲਸਾ ਜੋ ਕਿ ਵਿਧਾਨ ਸਭਾ ਹਲਕਾ ਰਾਏਕੋਟ ਦੇ ਰਹਿਣ ਵਾਲੇ ਹਨ, ਨੂੰ ਜਿਲ੍ਹਾ ਲੁਧਿਆਣਾ ਦਾ ਜ਼ਿਲ੍ਹਾ ਦਿਹਾਤੀ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਸਬੰਧੀ ਪ੍ਰੈਸ ਨੋਟ ਜਾਰੀ ਕਰਦਿਆਂ ਪਾਰਟੀ ਦੇ ਜਿਲ੍ਹਾ ਲੁਧਿਆਣਾ ਦੇ ਇੰਚਾਰਜ ਅੰਮ੍ਰਿਤ ਸਿੰਘ ਭਾਰਤੀ ਨੇ ਦੱਸਿਆ ਕਿ ਜਥੇਦਾਰ ਮਨੋਹਰ ਸਿੰਘ ਖਾਲਸਾ ਪਾਰਟੀ ਦੀ ਵਿਚਾਰਧਾਰਾ ਨੂੰ ਜਨ ਜਨ ਤੱਕ ਲਿਜਾਣ ਲਈ ਕਾਫੀ ਮਿਹਨਤ ਕਰਦੇ ਹਨ। ਜਿਸ ਕਰਕੇ ਖਾਲਸਾ ਜੀ ਦੀ ਨਿਯੁਕਤੀ ਪਾਰਟੀ ਲਈ ਵਰਦਾਨ ਸਿੱਧ ਹੋਏਗੀ। ਭਾਰਤੀ ਨੇ ਦੱਸਿਆ ਕਿ ਖਾਲਸਾ ਜੀ ਨੂੰ



ਜ਼ਿਲ੍ਹਾ ਦਿਹਾਤੀ ਪ੍ਰਧਾਨ-02 ਲੁਧਿਆਣਾ ਦੇ ਨਾਲ ਨਾਲ ਵਿਧਾਨ ਸਭਾ ਹਲਕਾ ਰਾਏਕੋਟ ਦਾ ਇੰਚਾਰਜ ਵੀ ਨਿਯੁਕਤ ਕੀਤਾ ਗਿਆ ਹੈ। ਭਾਰਤੀ ਨੇ ਉਮੀਦ ਜਤਾਈ ਕਿ ਜਥੇਦਾਰ ਮਨੋਹਰ ਸਿੰਘ ਖਾਲਸਾ ਪਾਰਟੀ ਦੀਆਂ ਜ਼ਿੰਮੇਵਾਰੀਆਂ ਨੂੰ ਇਮਾਨਦਾਰੀ ਅਤੇ ਤਨ ਦੇਹੀ ਨਾਲ ਨਿਭਾਉਣਗੇ। ਇਸ ਮੌਕੇ ਜਥੇਦਾਰ ਮਨੋਹਰ ਸਿੰਘ ਖਾਲਸਾ ਨੇ ਸਭ ਤੋਂ ਪਹਿਲਾਂ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਐਡਵੋਕੇਟ ਮੈਂਬਰ ਪਾਰਲੀਮੈਂਟ ਸ਼੍ਰੀ ਚੰਦਰਸ਼ੇਖਰ ਆਜ਼ਾਦ ਦਾ ਅਤੇ ਭੀਮ ਆਰਮੀ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਵਿਨੇ ਰਤਨ ਸਿੰਘ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ, ਨਾਲ ਹੀ ਪਾਰਟੀ ਦੇ ਪੰਜਾਬ ਇੰਚਾਰਜ ਸ਼੍ਰੀ ਐਮਐਲ ਤੋਮਰ, ਭੀਮ ਆਰਮੀ ਦੇ ਰਾਸ਼ਟਰੀ ਸੈਕਟਰੀ ਅਤੇ ਆਜ਼ਾਦ ਸਮਾਜ ਪਾਰਟੀ (ਕਾਂਸ਼ੀ ਰਾਮ) ਪੰਜਾਬ ਦੇ ਇੰਚਾਰਜ ਸ੍ਰੀ ਹਿਤੇਸ਼ ਮਾਹੀ, ਆਜ਼ਾਦ ਸਮਾਜ ਪਾਰਟੀ (ਕਾਂਸ਼ੀ ਰਾਮ) ਦੇ ਪੰਜਾਬ ਇੰਚਾਰਜ ਸ੍ਰੀ ਨਰੇਸ਼ ਜੱਸਲ, ਆਜ਼ਾਦ ਸਮਾਜ ਪਾਰਟੀ (ਕਾਂਸ਼ੀ ਰਾਮ) ਜਿਲਾ ਲੁਧਿਆਣਾ ਦੇ ਇੰਚਾਰਜ ਸ੍ਰੀ ਅੰਮ੍ਰਿਤ ਸਿੰਘ ਭਾਰਤੀ ਦਾ ਅਤੇ ਜਿਲ੍ਹਾ ਲੁਧਿਆਣੇ ਦੇ ਸਾਰੇ ਭੀਮ ਆਰਮੀ-ਆਜ਼ਾਦ ਸਮਾਜ ਪਾਰਟੀ (ਕਾਂਸ਼ੀ ਰਾਮ) ਦੇ ਸਮਰਥਕਾਂ ਦਾ ਧੰਨਵਾਦ। ਜਿਨਾਂ ਨੇ ਮੇਰੇ ਤੇ ਭਰੋਸਾ ਕੀਤਾ, ਮੈਂ ਆਪਣੀਆਂ ਜਿੰਮੇਵਾਰੀਆਂ ਨੂੰ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਵਾਂਗਾ।

# ਨੇਪਾਲ ਦੀ 6812 ਮੀਟਰ ਉੱਚੀ ਚੋਟੀ ਮਾਊਂਟ ਅਮਾ ਦਾਬਲਮ ਫਤਿਹ ਕਰਨ ਵਾਲ ਪੰਜਾਬਣ ਸੁਖਬੀਰ ਕੌਰ ਬੱਲ ਦਾ ਕੀਤਾ ਸਨਮਾਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਦੀ ਧੀ ਸੁਖਬੀਰ ਕੌਰ ਬੱਲ ਪਟਿਆਲਾ ਜਿਲੇ ਦੇ ਪਿੰਡ ਚਹਿਲ ਦੀ ਰਹਿਣ ਵਾਲੀ ਨੇ ਮਾਊਂਟ ਅਮਾ ਦਾਬਲਮ ਨੇਪਾਲ ਦੀ ਪਹਾੜੀ ਚੋਟੀ ਜਿਸ ਦੀ ਉਚਾਈ 6812 ਮੀਟਰ ਹੈ। ਉਸ ਨੂੰ ਫਤਿਹ ਕਰਕੇ ਸਾਰੇ ਪੰਜਾਬ ਅਤੇ ਦੇਸ਼ ਦਾ ਮਾਣ ਵਧਾਇਆ ਹੈ। ਚੋਟੀ ਤੇ ਪਹੁੰਚ ਕੇ ਉਸਨੇ ਆਪਣੀ ਚੁੰਨੀ ਲਹਿਰਾ ਕੇ ਆਉਣ ਵਾਲੀ ਪੀੜੀ ਵਿੱਚ ਵੀ ਜੋਸ਼ ਭਰਿਆ। ਇੱਕ ਨਿੱਕੇ ਜਿਹੇ ਸੱਦੇ ਤੇ ਉਹ ਅੱਜ ਵਿਸ਼ੇਸ਼ ਤੌਰ ਤੇ ਹੁਸ਼ਿਆਰਪੁਰ ਪਹੁੰਚੀ। ਹੁਸ਼ਿਆਰਪੁਰ ਦੇ ਵਾਸੀ ਸਰਦਾਰ ਗੁਰਚਰਨ ਸਿੰਘ ਜੀ ਵੀ ਮਾਊਂਟ ਐਵਰੈਸਟ ਬੇਸ ਕੈਂਪ ਫਤਿਹ ਕਰਕੇ ਪਿਛਲੇ ਮਹੀਨੇ ਹੀ ਦੇਸ਼ ਪਰਤੇ ਹਨ। ਸਰਦਾਰ ਗੁਰਚਰਨ ਸਿੰਘ, ਤਲਵਿੰਦਰ ਚੰਡੀਗੜ੍ਹ ਤੇ ਹਰਦੀਪ ਜੌਹਲ ਦੀ ਅਗਵਾਈ



ਵਿੱਚ ਹੋਟਲ ਰੋਇਲ ਪਲਾਜਾ ਚਿੰਤਪੁਰਨੀ ਰੋਡ ਉੱਪਰ ਇਸ ਧੀ ਦਾ ਸਨਮਾਨ ਕਰਨ ਦੇ ਲਈ ਵਿਸ਼ੇਸ਼ ਪ੍ਰੋਗਰਾਮ ਰੱਖਿਆ ਗਿਆ ਸੀ। ਸੁਖਬੀਰ ਕੌਰ ਬੱਲ ਨੇ ਆਪਣੀ ਸਾਰੀ ਯਾਤਰਾ ਨੂੰ ਇੱਕ ਇੱਕ ਕਰਕੇ ਹਰ ਕੈਂਪ ਬਾਰੇ ਬਰੀਕੀ ਨਾਲ ਹੁਸ਼ਿਆਰਪੁਰ ਦੇ ਟਰੈਕਰਾਂ ਨੂੰ ਜਾਣਕਾਰੀ ਸਾਂਝੀ ਕੀਤੀ। ਉਹਨਾਂ ਨੇ ਆਪਣੇ ਸੌਖੇ ਅਤੇ ਔਖੇ ਪੱਲ ਵੀ ਸ਼ੇਅਰ ਕੀਤੇ। ਉਹਨਾਂ ਦੀ ਯਾਤਰ ਵਾਰੇ ਸਾਰੇ ਮੈਂਬਰਾਂ ਨੇ ਬੜੀ ਗੰਭੀਰਤਾ ਨਾਲ ਸੁਣਿਆ ਉਨਾਂ ਨੇ ਹੁਸ਼ਿਆਰਪੁਰ ਦੇ ਸਾਰੇ ਟਰੈਕਰਾਂ ਦੇ ਮਨਾਂ ਵਿੱਚ ਕਾਫੀ ਜੋਸ਼ ਭਰਿਆ ਉਸ ਤੋਂ ਬਾਅਦ ਗੁਰਚਰਨ ਸਿੰਘ ਨੇ ਵੀ ਆਪਣਾ ਬੇਸ ਕੈਂਪ ਦਾ ਅਨੁਭਵ ਵੀ ਸ਼ੇਅਰ ਕੀਤਾ। ਸਾਰੇ ਟਰੈਕਰਾਂ ਨੇ ਉਨਾਂ ਨੂੰ ਬੜੀ ਗੰਭੀਰਤਾ ਨਾਲ ਸੁਣਿਆ। ਇਸ ਮੌਕੇ ਹਾਈਕ ਐਂਡ ਟਰੈਕ ਕਲੱਬ ਤੋਂ ਜਤਿੰਦਰ ਸੈਣੀ, ਜਸਪ੍ਰੀਤ, ਦਵਿੰਦਰ ਸਿੰਘ, ਵਿਕਰਾਲ ਸਿੰਘ, ਬਲਜੀਤ ਸਿੰਘ, ਰੋਬਿਨ, ਭਲਵੀ, ਹਰਜਿੰਦਰ ਸਿੰਘ, ਸੰਜੀਵ ਸੈਣੀ, ਡਾਕਟਰ ਜਸਵੰਤ ਸਿੰਘ, ਜਸਵਿੰਦਰ ਜੱਸੀ ਅਤੇ ਬਲਰਾਜ ਸਿੰਘ ਚੌਹਾਨ ਇੰਟਰਨੈਸ਼ਨਲ ਸਾਈਕਲਿਸਟ ਉਚੇਚੇ ਤੌਰ ਤੇ ਸ਼ਾਮਿਲ ਹੋਏ।

# ਕਾਮਰੇਡ ਰੋਸ਼ਨ ਲਾਲ ਪੰਡੋਰੀ ਦੀ ਹਾਦਸੇ ਉਪਰੰਤ ਅੱਜ ਹਸਪਤਾਲ ਵਿੱਚ ਹੋਈ ਮੌਤ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਕਾਮਰੇਡ ਰੋਸ਼ਨ ਲਾਲ ਪੰਡੋਰੀ ਬੀਤ ਦਾ ਪਿਛਲੇ ਦਿਨੀ ਐਕਸੀਡੈਂਟ ਹੋਣ ਕਾਰਨ ਗੰਭੀਰ ਜ਼ਖਮੀ ਹੋ ਗਿਆ। ਜਿਹਨਾਂ ਨੂੰ ਸਿਵਲ ਹਸਪਤਾਲ ਗੜਸੰਕਰ ਦਾਖ਼ਲ ਕਰਵਾਇਆ ਗਿਆ। ਜਿਸ ਦੀ ਇਲਾਜ ਦੌਰਾਨ ਹਸਪਤਾਲ ਵਿੱਚ ਮੌਤ ਹੋ ਗਈ। ਇਸ ਵਾਰੇ ਜਾਣਕਾਰੀ ਦਿੰਦੇ ਹੋਏ ਕਾਮਰੇਡ ਗੁਰਨੇਕ ਸਿੰਘ ਭੱਜਲ ਨੇ ਦੱਸਿਆ ਕਿ ਛੋਟੀ ਉਮਰ ਤੋਂ ਹੀ ਰੋਸ਼ਨ ਲਾਲ ਸੀ ਪੀ ਆਈ ਐਮ ਦਾ ਨਿਧੜਕ ਜਰਨੈਲ ਰਿਹਾ ਸੀ। ਕੱਲ ਉਨ੍ਹਾਂ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਪੰਡੋਰੀ ਵਿਖੇ ਕੀਤਾ ਗਿਆ। ਰੋਸ਼ਨ ਲਾਲ 64 ਸਾਲ ਦੀ ਉਮਰ ਵਿੱਚ ਸੰਸਾਰਕ ਯਾਤਰਾ ਪੂਰੀ ਕਰ ਗਿਆ। ਪਰਿਵਾਰ ਨੂੰ ਮਿੱਤਰਾਂ ਸੱਜਣਾਂ ਤੇ ਪਾਰਟੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਪਾਰਟੀ ਪਰਿਵਾਰ ਨਾਲ ਦੁੱਖ ਸਾਂਝਾ ਕਰਦੀ ਹੈ। ਪਾਰਟੀ





ਆਗੂਆਂ ਵਲੋਂ ਰੋਸ਼ਨ ਲਾਲ ਦੀ ਮ੍ਰਿਤਕ ਦੇਹ ਤੇ ਲ਼ਾਲ ਝੰਡਾ ਪਾਇਆ ਗਿਆ।

ਇਸ ਮੌਕੇ ਪਾਰਟੀ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਗੁਰਨੇਕ ਸਿੰਘ ਭੱਜਲ, ਮਹਿੰਦਰ ਕੁਮਾਰ, ਕਾਮਰੇਡ ਦਰਸ਼ਨ ਸਿੰਘ ਮੱਟੂ, ਰਜਿੰਦਰ ਕੌਰ, ਗਰੀਬ ਦਾਸ ਬੀਟਨ, ਮਹਾ ਸਿੰਘ ਰੋੜੀ, ਗੁਰਚਰਨ ਸਿੰਘ, ਰਮੇਸ਼ ਧੀਮਾਨ, ਗਿਰਧਾਰੀ ਲਾਲ, ਮੋਹਣ ਲਾਲ, ਰਾਮ ਲਾਲ, ਕੁਲਭੁਸਨ ਕਮਾਰ, ਦਵਿੰਦਰ ਕੁਮਾਰ ਤੇ ਹੋਰ ਸੈਂਕੜੇ ਰਿਸ਼ਤੇਦਾਰ ਮਿੱਤਰ ਸੱਜਣਾਂ ਨੇ ਅੰਤਿਮ ਸੰਸਕਾਰ ਮੌਕੇ ਹਾਜ਼ਰ ਹੋ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

# ਮੋਬਾਈਲ ਟਾਵਰਾਂ ਦੇ ਸਿਗਨਲ ਦਾ ਡਰ ਜਾਂ ਵਹਿਮ

ਅੱਜ ਤੋਂ ਲੱਗਭੱਗ ਪੰਜਾਹ ਸਾਲ ਪਹਿਲਾਂ ਮੇਰੀ ਸੁਰਤ ਮੁਤਾਬਕ ਬਿਜਲੀ ਦੇ ਫਿਲਾਮੈਂਟ ਵਾਲੇ ਬਲਬ ਹੁੰਦੇ ਸਨ। ਫਿਰ ਫਲੋਰਾਸੈਂਟ ਟਿਊਬ ਲਾਈਟ ਆਈ ਚੋਕ ਵਾਲੀ। ਉਸ ਵਕਤ ਇਹ ਡਰ ਵਾਇਰਲ ਹੋਇਆ ਕਿ ਇਸ ਟਿਊਬ ਲਾਈਟ ਦੀਆਂ ਕਿਰਨਾਂ ਦੀ ਰੌਸ਼ਨੀ ਸਿਹਤ ਲਈ ਹਾਨੀਕਾਰਕ ਹੈ। ਹੌਲੀ ਹੌਲੀ ਇਹ ਡਰ ਵੀ ਲੁਪਤ ਹੋ ਗਿਆ ਪਰ ਕਿਸੇ ਨੂੰ ਇਸ ਦਾ ਨੁਕਸਾਨ ਹੋਇਆ ਜਾਂ ਨਹੀਂ ਇਸ ਬਾਰੇ ਕੋਈ ਜਾਣਕਾਰੀ ਨਹੀਂ। ਫਿਰ ਬਲੈਕ ਐਂਡ ਵਾਈਟ ਟੈਲੀਵੀਜਨ ਆਏ। ਇਸ ਦੀ ਪਿਕਚਰ ਟਿਊਬ ਵਿੱਚੋਂ ਨਿਕਲਣ ਵਾਲੀਆਂ ਕਿਰਨਾਂ ਦਾ ਡਰ ਵੀ ਕਾਫੀ ਚਰਚਿਤ ਹੋਇਆ। ਹੌਲੀ ਹੌਲੀ ਇਹ ਵੀ ਖਤਮ ਹੋ ਗਿਆ। ਟੇਲੀਵਿਜ਼ਨ ਤੋਂ ਪਹਿਲਾਂ ਰੇਡੀਓ ਦਾ ਜ਼ਮਾਨਾ ਸੀ। ਰੇਡੀਓ ਸਟੇਸ਼ਨ ਤੋਂ ਬਰੌਡਕਾਸਟਿੰਗ ਹੁੰਦੀ ਸੀ ਸਿਗਨਲ ਦੀ ਅਤੇ ਸੱਭ ਰੇਡੀਓ ਰਿਸੀਵਰ ਤੇ ਖਬਰਾਂ ਅਤੇ ਗੀਤ ਸੁਣਦੇ ਸਨ। ਰੇਡੀਓ ਤੋਂ ਭਾਵ ਹੈ ਰੇਡੀਓ ਫਰੀਕੁਐਂਸੀ, ਜਿਸਨੂੰ ਆਰ ਐਫ (੍ਫ) ਸਿਗਨਲ ਕਹਿੰਦੇ ਹਨ। ਇਸ ਰੇਡੀਓ ਫਰੀਕੁਐਂਸੀ ਦਾ ਕਿਸੇ ਨੂੰ ਕੋਈ ਨੁਕਸਾਨ ਨਹੀਂ ਹੋਇਆ। ਇਹੀ ੍ਫ ਸਿਗਨਲ ਨਾਮਕ ਫਰੀਕੁਐਂਸੀ ਹੀ ਮੋਬਾਈਲ ਫੋਨ ਟ੍ਰਾਂਸਮਿਸ਼ਨ ਲਈ ਵਰਤੀ ਜਾਂਦੀ ਹੈ ਅਤੇ ਇਹ 4ਜੀ ਹੋਵੇ ਜਾਂ 5ਜੀ ਜਾਂ ਇਸ ਤੋਂ ਉੱਪਰ, ਇਸ ਤੋਂ ਵੀ ਐਨਾ ਘਬਰਾਓਣ ਦੀ ਜਰੂਰਤ ਨਹੀਂ ਹੈ। ਰੇਡੀਓ ਫਰੀਕੁਐਂਸੀ ਉਸ ਵੇਲੇ ਖਤਰਨਾਕ ਹੁੰਦੀ ਹੈ ਜਦ ਰੇਡੀਓ ਫਰੀਕੁਐਂਸੀ ਦੇ ਇਲੈਕਟਰੀਕਲ ਸਿਗਨਲ ਨੂੰ ਪ੍ਰਕਾਸ਼ ਸਿਗਨਲ ਦੇ ਵਿੱਚ ਤਬਦੀਲ ਕੀਤਾ ਜਾਵੇ। ਉਦ-



ਾਹਰਣ ਦੇ ਤੌਰ ਤੇ ਹਸਪਤਾਲਾਂ ਵਿੱਚ ਜਦ ਅਸੀਂ ਐਕਸਰੇ ਕਰਵਾਉਣ ਜਾਂਦੇ ਹਾਂ ਤਾਂ ਐਕਸਰੇ ਡਿਪਾਰਟਮੈਂਟ ਨੂੰ ਟੈਕਨੀਕਲੀ ਰੇਡੀਓਲੋਜੀ ਡਿਪਾਰਟਮੈਂਟ ਲਿਖਿਆ ਹੁੰਦਾ ਹੈ। ਉੱਥੇ ਐਕਸਰੇ ਮਸ਼ੀਨ ਰਾਂਹੀ ਰੇਡੀਓ ਫਰੀਕੁਐਂਸੀ ਦੇ ਇਲੈਕਟਰੀਕਲ ਸਿਗਨਲ ਨੂੰ ਪ੍ਰਕਾਸ਼ ਸਿਗਨਲ ਵਿੱਚ ਤਬਦੀਲ ਕੀਤਾ ਜਾਂਦਾ ਹੈ, ਜਿਸ ਨਾਲ ਸ਼ਰੀਰ ਦਾ ਅੰਦਰੂਨੀ ਐਕਸਰੇ ਹੁੰਦਾ ਹੈ। ਇਹ ਪ੍ਰਕਾਸ਼ ਘਾਤਕ ਹੁੰਦਾ ਹੈ ਅਤੇ ਤਾਂਹੀ ਐਕਸਰੇ ਕਰਨ ਵੇਲੇ ਪੂਰੀ ਸਾਵਧਾਨੀ ਵਰਤੀ ਜਾਂਦੀ ਹੈ ਅਤੇ ਐਕਸਰੇ ਕਰਨ ਵੇਲੇ ਬਹੁਤ ਹੀ ਘੱਟ ਸਮੇਂ ਲਈ ਇਹ ਪ੍ਰਕਾਸ਼ ਸ਼ਰੀਰ ਵਿੱਚੋਂ ਦੀ ਗੁਜ਼ਾਰਿਆ ਜਾਂਦਾ ਹੈ। ਜੇਕਰ ਰੇਡੀਓ ਨੇ ਸਾਡਾ ਕੋਈ ਨੁਕਸਾਨ ਨਹੀਂ ਕੀਤਾ ਤਾਂ ਉਹੀ ਸਿਗਨਲ ਮੋਬਾਈਲ ਟਾਵਰਾਂ ਦੇ ਹਨ, ਫਿਰ ਉਹਨਾਂ ਤੋਂ ਵੀ ਐਨਾ ਘਬਰਾਉਣ ਦੀ ਜਰੂਰਤ ਨਹੀਂ ਹੈ। ਉਹ ਅਲੱਗ ਗੱਲ ਹੈ ਕਿ ਫਰੀਕੁਐਂਸੀ ਦੀ ਤੀਬਰਤਾ ਜਿਵੇਂ ਕਿਲੋ ਹਰਟਜ਼, ਮੈਗਾ ਹਰਟਜ਼ ਦੇ ਹਿਸਾਬ ਨਾਲ ਵੱਖ ਵੱਖ ਰੱਖਣੀ ਪੈਂਦੀ ਹੈ ਤਾਂ ਕਿ ਇੱਕ ਸਿਸਟਮ ਕਿਸੇ ਦੂਸਰੇ ਸਿਸਟਮ ਨਾਲ ਮਿਕਸ ਨਾ ਹੋ ਜਾਵੇ। ਇੱਥੇ ਵੀ ਖਾਸ ਗੱਲ ਹੈ ਕਿ ਮੋਬਾਈਲ ਦੇ ਆਰ ਐਫ ਇਲੈਕਟਰੀਕਲ ਸਿਗਨਲ ਨੂੰ ਵੀ ਰਫਤਾਰ ਵਧਾਉਣ ਲਈ ਪ੍ਰਕਾਸ਼ ਦੇ ਸਿਗਨਲ ਵਿੱਚ ਤਬਦੀਲ ਕੀਤਾ ਜਾਂਦਾ ਹੈਂ। ਪਰ ਇਸ ਪ੍ਰਕਾਸ਼ ਦੇ ਸਿਗਨਲ ਤੋਂ ਵੀ ਡਰਨ ਦੀ ਜਰੂਰਤ ਨਹੀਂ ਹੈ ਕਿਉਂਕਿ ਜਦ ਇਹਨਾਂ ਇਲੈਕਟਰੀਕਲ ਸਿਗਨਲਾਂ ਨੂੰ ਪ੍ਰਕਾਸ਼ ਵਿੱਚ ਤਬਦੀਲ ਕੀਤਾ ਜਾਂਦਾ ਹੈ ਤਾਂ ਬਹੁਤ ਹੀ ਸੁਰੱਖਿਅਤ ਤਰੀਕੇ ਨਾਲ ਇਹਨਾਂ ਨੂੰ ਆਪਟੀਕਲ ਫਾਈਬਰ (ੌਪਟਿਚਓਲ ਡਿਬਏਰ) ਦੀ ਤਾਰ ਵਿੱਚ ਦੀ ਇੱਕ ਥਾਂ ਤੋਂ ਦੂਜੀ ਥਾਂ ਤੇ ਭੇਜਿਆ ਜਾਂਦਾ ਹੈ। ਇਹ ਪ੍ਰਕਾਸ਼ ਦਾ ਸਿਗਨਲ ਸਾਡੇ ਘਰਾਂ ਵਿੱਚ ਵਾਈ ਫਾਈ ਵਿੱਚ ਆਉਂਦਾ ਹੈ ਅਤੇ ਵਾਈ ਫਾਈ ਰਾਹੀਂ ਇਸ ਪ੍ਰਕਾਸ਼ ਸਿਗਨਲ ਨੂੰ ਦੁਬਾਰਾ ਇਲੈਕਟਰੀਕਲ ਸਿਗਨਲ ਵਿੱਚ ਤਬਦੀਲ ਕਰਕੇ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ। ਇਸ ਲਈ ਇਸ ਤੋਂ ਵੀ ਬਹੁਤਾ ਘਬਰਾਓਣ ਦੀ ਜਰੂਰਤ ਨਹੀਂ। ਸੋਸ਼ਲ ਮੀਡੀਆ ਤੇ ਬਹੁਤ ਲੋਕਾਂ ਵਲੋਂ ਇਹਨਾਂ ਸਿਗਨਲਾਂ ਬਾਰੇ ਗੱਲ ਕਰਕੇ ਡਰਾਇਆ ਜਾਂਦਾ ਹੈ।ਮੋਬਾਈਲ ਟਾਵਰ ਦੇ ਜਿਆਦਾ ਨੇੜੇ ਖੜੇ ਹੋਣ ਨਾਲ ਸ਼ਰੀਰ ਦੇ ਟਿਸ਼ੂ ਆਰਜੀ ਤੌਰ ਤੇ ਕੁਛ ਜਿਆਦਾ ਗਰਮ ਹੋ ਸਕਦੇ ਹਨ ਪਰ ਕਿਸੇ ਖਤਰਨਾਕ ਬਿਮਾਰੀ ਦਾ ਕੋਈ ਡਰ ਨਹੀਂ। ਇਸ ਲਈ ਵਿਗਿਆਨਿਕ ਸੋਚ ਅਪਣਾਓ ਅਤੇ ਵਿਗਿਆਨ ਤੇ ਭਰੋਸਾ ਕਰਕੇ ਨਿਸ਼ਚਿੰਤ ਹੋ ਕੇ ਵਿਗਿਆਨਿਕ ਉਪਕਰਨਾਂ ਦਾ ਲਾਭ ਉਠਾਓ।



**ਹਰੀਸ਼ ਕੁਮਾਰ**
**9465023000**

# ਪਰਮਜੀਤ ਮਾਨ ਦੀ ਪੁਸਤਕ ਸਮੁੰਦਰਨਾਮਾ (ਛੱਲਾਂ ਨਾਲ ਗੱਲਾਂ) ਯੂਨੀਵਰਸਿਟੀ ਸਿਲੇਬਸ ਵਿੱਚ ਸ਼ਾਮਿਲ ਹੋਈ

ਬਰਨਾਲੇ ਨੂੰ ਸਾਹਿਤ ਦਾ ਮੱਕਾ ਆਖਿਆ ਜਾਂਦਾ ਹੈ । ਇਸ ਦੇ ਆਲੇ ਦੁਆਲੇ ਦੀ ਜਰਖੇਜ਼ ਧਰਤ ਵਿੱਚ ਜਨਮੇ ਲੇਖਕਾਂ ਨੇ ਆਪਣੀਆਂ ਰਚਨਾਵਾਂ ਨਾਲ ਵਿਸ਼ਵ ਪੱਧਰ ਤੇ ਪ੍ਰਸਿੱਧੀ ਹਾਸਿਲ ਕੀਤੀ ਹੈ। ਇੱਥੇ ਆਏ ਹਫਤੇ ਕਿਸੇ ਨਾ ਕਿਸੇ ਪੁਸਤਕ ਦਾ ਲੋਕ ਅਰਪਣ ਜਾਂ ਗੋਸ਼ਟੀ ਹੁੰਦੀ ਰਹਿੰਦੀ ਹੈ। ਬਰਨਾਲਾ ਮਾਨਸਾ ਦੇ ਅੱਧਵਿਚਕਾਰ ਪੈਂਦੇ ਪਿੰਡ ਰੜ੍ਹ (ਮਾਨਸਾ) ਦਾ ਜੰਮਪਲ ਪਰਮਜੀਤ ਮਾਨ ਪਹਿਲੇ ਕਹਾਣੀ ਸੰਗ੍ਰਹਿ ਨਾਲ ਹੀ ਸਮੁੰਦਰ ਦਾ ਆਦਮੀ ਵਜੋਂ ਪਹਿਚਾਣ ਬਣਾ ਗਿਆ ਸੀ। ਉਸਨੇ ਹੁਣ ਤੱਕ ਪੰਜ ਮੌਲਿਕ ਪੁਸਤਕਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈਆਂ ਹਨ । ਦੋ ਕਾਵਿ ਸੰਗ੍ਰਹਿ, ਧੁੱਖਦੀਆਂ ਸਵੇਰਾਂ ਬਲਦੀਆਂ ਸ਼ਾਮਾਂ ਅਤੇ ਸਾਗਰ ਦੇ ਸਫੇ 'ਤੇ ਹਨ। ਦੋ ਕਹਾਣੀ ਸੰਗ੍ਰਹਿ, ਸਮੁੰਦਰ ਦਾ ਆਦਮੀ ਤੇ ਰੇਤ ਦੇ ਘਰ ਹਨ । ਉਹਨਾਂ ਦੀ






ਨਵੀਂ ਪੁਸਤਕ ਸਮੁੰਦਰਨਾਮਾ (ਛੱਲਾਂ ਨਾਲ ਗੱਲਾਂ ) ਜਿਸ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾ ਮਹਿੰਦਰ ਸਿੰਘ ਰੰਧਾਵਾ ਪੁਰਸਕਾਰ ਪ੍ਰਾਪਤ ਹੋਇਆ ਸੀ, ਹੁਣ ਚੌਧਰੀ ਦੇਵੀ ਲਾਲ ਯੂਨੀਵਰਸਿਟੀ ਸਿਰਸਾ ਦੇ ਪੰਜਾਬੀ ਆਨਰਜ਼ ਦੇ ਦੂਸਰੇ ਸਾਲ ਦੇ ਸਿਲੇਬਸ ਵਿੱਚ ਲੱਗਣ ਦਾ ਮਾਣ ਹਾਸਲ ਹੋਇਆ ਹੈ। ਬਰਨਾਲਾ ਖੇਤਰ ਦੇ ਲੇਖਕਾਂ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ, ਮਾਲਵਾ ਸਾਹਿਤ ਸਭਾ ਦੇ ਪ੍ਰਧਾਨ ਡਾ ਸੰਪੂਰਨ ਸਿੰਘ ਟੱਲੇਵਾਲੀਆ, ਡਾ ਜੋਗਿੰਦਰ ਸਿੰਘ ਨਿਰਾਲਾ, ਕੰਵਰਜੀਤ ਭੱਠਲ, ਜੁਗਰਾਜ ਧੌਲਾ, ਬੂਟਾ ਸਿੰਘ ਚੌਹਾਨ, ਰਾਮ ਸਰੂਪ ਸ਼ਰਮਾ, ਡਾ ਰਾਮਪਾਲ ਸਿੰਘ ਸ਼ਾਹਪੁਰੀ, ਡਾ ਤਰਸਪਾਲ ਕੌਰ, ਦਰਸ਼ਨ ਸਿੰਘ ਗੁਰੂ, ਲੇਖਕ ਪਾਠਕ ਸਾਹਿਤ ਸਭਾ ਰਜਿ ਬਰਨਾਲਾ ਦੇ ਪ੍ਰਧਾਨ ਤੇਜਿੰਦਰ ਚੰਡਿਹੋਕ ਹਾਕਮ ਸਿੰਘ ਰੂੜੇਕੇ, ਡਾ ਅਮਨਦੀਪ ਸਿੰਘ ਟੱਲੇਵਾਲੀਆ, ਸੁਖਵਿੰਦਰ ਸਿੰਘ ਸਨੇਹ ਅਤੇ ਚਰਨੀ ਬੇਦਿਲ ਤੋਂ ਇਲਾਵਾ ਇਲਾਕੇ ਦੇ ਸਾਹਿਤਕਾਰਾਂ ਨੇ ਉਹਨਾਂ ਦੀ ਇਸ ਮਾਣਮੱਤੀ ਪ੍ਰਾਪਤੀ ਤੇ ਵਧਾਈ ਦਿੰਦਿਆਂ ਖੁਸ਼ੀ ਦਾ ਇਜ਼ਹਾਰ ਕੀਤਾ ਹੈ।

# ਲੂ ਤੋਂ ਬਚਣਾ ਹੈ ਤਾਂ ਸਰੀਰ ਨੂੰ ਰੱਖੋ ਹਾਈਡ੍ਰੇਟਿਡ : ਐੱਸ.ਐੱਮ.ਓ. ਡਾ. ਸਤਵਿੰਦਰਪਾਲ ਸਿੰਘ

**ਨਵਾਂਸ਼ਹਿਰ, ਮਨੋਰੰਜਨ ਕਾਲੀਆ) :** ਸੂਬੇ ਵਿੱਚ ਦਿਨੋਂ-ਦਿਨ ਵੱਧ ਰਹੀ ਭਿਆਨਕ ਗਰਮੀ ਅਤੇ ਲੂ ਦੇ ਮੱਦੇਨਜ਼ਰ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਆਮ ਲੋਕਾਂ ਲਈ ਵਿਸ਼ੇਸ਼ ਸਿਹਤ ਅਡਵਾਈਜ਼ਰੀ ਜਾਰੀ ਕੀਤੀ ਗਈ ਹੈ। ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਹਸਪਤਾਲ ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਦੀ ਯੋਗ ਅਗਵਾਈ ਹੇਠ ਲੋਕਾਂ ਨੂੰ ਗਰਮੀ ਕਾਰਨ ਪੈਦਾ ਹੋ ਸਕਦੇ ਸਿਹਤ ਖਤਰਿਆਂ ਤੋਂ ਬਚਾਅ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਐੱਸ.ਐੱਮ.ਓ ਡਾ. ਸਤਵਿੰਦਰਪਾਲ ਸਿੰਘ ਨੇ ਕਿਹਾ ਕਿ ਲਗਾਤਾਰ ਵੱਧ ਰਹੇ ਤਾਪਮਾਨ ਕਾਰਨ ਹੀਟ ਸਟ੍ਰੋਕ, ਡੀਹਾਈਡ੍ਰੇਸ਼ਨ ਅਤੇ ਹੋਰ ਮੌਸਮੀ ਬਿਮਾਰੀਆਂ ਦੇ ਮਾਮਲਿਆਂ ਵਿੱਚ ਵਾਧਾ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਸਾਰੇ ਸਰਕਾਰੀ ਸਿਹਤ ਸੰਸਥਾਨਾਂ ਵਿੱਚ ਲੋੜੀਂਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਤਾਂ ਜੋ ਐਮਰਜੈਂਸੀ ਦੀ ਸਥਿਤੀ ਵਿੱਚ ਮਰੀਜ਼ਾਂ ਨੂੰ ਤੁਰੰਤ ਅਤੇ ਉਚਿਤ ਇਲਾਜ ਮੁਹੱਈਆ ਕਰਵਾਇਆ ਜਾ ਸਕੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤੱਕ ਬਿਨਾਂ ਲੋੜ ਘਰੋਂ ਬਾਹਰ ਨਾ ਨਿਕਲਿਆ ਜਾਵੇ ਕਿਉਂਕਿ ਇਸ ਸਮੇਂ ਦੌਰਾਨ ਗਰਮ ਹਵਾਵਾਂ ਅਤੇ ਤੇਜ਼ ਧੁੱਪ ਸਿਹਤ ਲਈ ਖਤਰਨਾਕ ਸਾਬਤ ਹੋ ਸਕਦੀਆਂ ਹਨ। ਜੇਕਰ ਬਾਹਰ ਜਾਣਾ ਬਹੁਤ ਜ਼ਰੂਰੀ ਹੋਵੇ ਤਾਂ ਸਿਰ ਨੂੰ ਟੋਪੀ, ਦੁਪੱਟੇ ਜਾਂ ਛੱਤਰੀ ਨਾਲ ਢੱਕਿਆ ਜਾਵੇ ਅਤੇ ਹਲਕੇ ਰੰਗਾਂ ਵਾਲੇ ਢਿੱਲੇ ਸੂਤੀ ਕੱਪੜੇ ਪਹਿਨੇ ਜਾਣ। ਡਾ. ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਗਰਮੀ ਦੇ ਮੌਸਮ ਵਿੱਚ ਆਪਣੇ ਸਰੀਰ ਨੂੰ ਹਾਈਡ੍ਰੇਟਿਡ ਰੱਖਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਹਰ ਅੱਧੇ ਘੰਟੇ ਬਾਅਦ ਪਾਣੀ ਪੀਣਾ ਚਾਹੀਦਾ ਹੈ, ਭਾਵੇਂ ਪਿਆਸ ਨਾ ਵੀ ਲੱਗੇ। ਉਨ੍ਹਾਂ ਲੋਕਾਂ ਨੂੰ ਓ.ਆਰ.ਐੱਸ. ਘੋਲ, ਲੱਸੀ, ਨਿੰਬੂ ਪਾਣੀ, ਨਾਰੀਅਲ ਪਾਣੀ ਅਤੇ ਹੋਰ ਤਰਲ ਪਦਾਰਥਾਂ ਦੀ ਵੱਧ ਤੋਂ ਵੱਧ ਵਰਤੋਂ ਕਰਨ ਦੀ ਸਲਾਹ ਦਿੱਤੀ। ਇਸਦੇ ਨਾਲ ਹੀ ਚਾਹ ਅਤੇ ਕੌਫੀ ਦੀ ਵਰਤੋਂ ਘੱਟ ਕਰਨ ਅਤੇ ਤਲੇ ਹੋਏ, ਬਾਹਰਲੇ ਅਤੇ ਬਾਸੀ ਖਾਣੇ ਤੋਂ ਪਰਹੇਜ਼ ਕਰਨ ਲਈ ਵੀ ਕਿਹਾ। ਉਨ੍ਹਾਂ ਦੱਸਿਆ ਕਿ ਤਰਬੂਜ਼, ਖਰਬੂਜ਼ਾ, ਸੰਤਰਾ, ਅੰਗੂਰ, ਖੀਰਾ, ਟਮਾਟਰ, ਘੀਆ ਅਤੇ ਤੋਰੀ ਵਰਗੇ ਮੌਸਮੀ ਫਲ ਅਤੇ ਸਬਜ਼ੀਆਂ ਸਰੀਰ ਵਿੱਚ ਪਾਣੀ ਦੀ ਘਾਟ ਪੂਰੀ ਕਰਨ ਵਿੱਚ ਬਹੁਤ ਮਦਦਗਾਰ ਸਾਬਤ ਹੁੰਦੀਆਂ ਹਨ।

ਐੱਸ.ਐੱਮ.ਓ ਨੇ ਇਹ ਵੀ ਕਿਹਾ ਕਿ ਨੰਗੇ ਪੈਰ ਧੁੱਪ ਵਿੱਚ ਨਾ ਜਾਇਆ ਜਾਵੇ ਅਤੇ ਅੱਖਾਂ ਦੀ ਸੁਰੱਖਿਆ ਲਈ ਚਸ਼ਮੇ ਦੀ ਵਰਤੋਂ ਜ਼ਰੂਰ ਕੀਤੀ ਜਾਵੇ।

ਸੀਨੀਅਰ ਮੈਡੀਕਲ ਅਫਸਰ ਨੇ ਕਿਹਾ ਕਿ ਲੋਕ ਮੌਸਮ ਸੰਬੰਧੀ ਜਾਣਕਾਰੀ ਲਈ ਰੇਡੀਓ, ਟੀ.ਵੀ., ਅਖਬਾਰਾਂ ਅਤੇ ਮੋਬਾਇਲ ਐਪਸ ਦੀ ਮਦਦ ਲੈਣ। ਉਨ੍ਹਾਂ ਲੋਕਾਂ ਨੂੰ ਸਿਹਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਤੇਜ਼ ਬੁਖਾਰ, ਚੱਕਰ, ਬੇਹੋਸ਼ੀ ਜਾਂ ਘਬਰਾਹਟ ਵਰਗੇ ਲੱਛਣ ਮਹਿਸੂਸ ਹੋਣ ਤਾਂ ਖੁਦ ਦਵਾਈ ਲੈਣ ਦੀ ਬਜਾਏ ਤੁਰੰਤ ਨੇੜਲੇ ਸਿਹਤ ਕੇਂਦਰ ਜਾਂ ਹਸਪਤਾਲ ਵਿੱਚ ਸੰਪਰਕ ਕੀਤਾ ਜਾਵੇ।

ਉਨ੍ਹਾਂ ਦੱਸਿਆ ਕਿ ਸਨਸਟ੍ਰੋਕ ਤੋਂ ਪ੍ਰਭਾਵਿਤ ਵਿਅਕਤੀ ਨੂੰ ਤੁਰੰਤ ਠੰਡੀ ਅਤੇ ਹਵਾਦਾਰ ਥਾਂ ’ਤੇ ਲਿਜਾਇਆ ਜਾਵੇ, ਸਰੀਰ ’ਤੇ ਸਿੱਲ੍ਹੇ ਕੱਪੜੇ ਰੱਖੇ ਜਾਣ ਅਤੇ ਸਿਰ ’ਤੇ ਪਾਣੀ ਪਾਇਆ ਜਾਵੇ। ਇਸਦੇ ਨਾਲ ਮਰੀਜ਼ ਨੂੰ ਓ.ਆਰ.ਐੱਸ. ਘੋਲ ਜਾਂ ਨਿੰਬੂ ਪਾਣੀ ਦੇ ਕੇ ਸਰੀਰ ਵਿੱਚ ਪਾਣੀ ਦੀ ਘਾਟ ਨੂੰ ਪੂਰਾ ਕੀਤਾ ਜਾ ਸਕਦਾ ਹੈ।

# ਮਲਟੀਪਰਪਜ ਹੈਲਥ ਇੰਪਲਾਈਜ਼ ਯੂਨੀਅਨ ਪੰਜਾਬ ਵੱਲੋਂ ਵੱਡੇ ਸੰਘਰਸ਼ ਦਾ ਐਲਾਨ

## ●ਹੱਕੀ ਮੰਗਾਂ ਨੂੰ ਲੈ ਕੇ 4 ਜੂਨ ਨੂੰ ਚੰਡੀਗੜ੍ਹ ਧਰਨਾ ●ਸਿਵਲ ਸਰਜਨ ਰਾਹੀਂ ਭੇਜਿਆ ਮੰਗ ਪੱਤਰ

**ਮਾਨਸਾ, 27 ਮਈ ( )** ਸਿਹਤ ਵਿਭਾਗ ਪੰਜਾਬ ਦੀ ਸਿਰਮੌਰ ਜਥੇਬੰਦੀ ਮਲਟੀਪਰਪਜ ਹੈਲਥ ਇੰਪਲਾਈਜ਼ ਯੂਨੀਅਨ ਪੰਜਾਬ ਵੱਲੋਂ ਸੂਬਾ ਪ੍ਰਧਾਨ ਕੁਲਬੀਰ ਸਿੰਘ ਮੋਗਾ ਦੀ ਅਗਵਾਈ ਹੇਠ ਕੇਡਰ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਨਾ ਮੰਨਣ ਦੇ ਰੋਸ ਵੱਜੋਂ ਸੂਬਾ ਸਰਕਾਰ ਖਿਲਾਫ ਆਰ ਪਾਰ ਦੀ ਲੜਾਈ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਗਿਆ ਜਿਸ ਬਾਰੇ ਅੱਜ ਜਿਲ੍ਹਾ ਇਕਾਈ ਮਾਨਸਾ ਵੱਲੋਂ ਸਿਵਲ ਸਰਜਨ ਮਾਨਸਾ ਰਾਹੀਂ ਮੰਗ ਪੱਤਰ ਭੇਜਿਆ ਗਿਆ ਹੈ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਜਥੇਬੰਦੀ ਪਿਛਲੇ ਲੰਬੇ ਸਮੇਂ ਤੋਂ ਕੇਡਰ ਦੇ ਨਾਮ ਬਦਲੀ,ਵਰਦੀ ਭੱਤਾ, ਐਫਟੀਏ, ਡਾਇਟ,ਭੱਤਾ ਲਗਾਉਣ,ਪੁਰਾਣੀ ਪੈਨਸ਼ਨ ਬਹਾਲ ਕਰਨ,ਪੰਜਾਬ ਸਕੇਲ ਲਾਗੂ ਕਰਨ, ਨਵ ਨਿਯੁਕਤ ਸਿਹਤ ਕਾਮਿਆਂ ਦਾ ਪਰਖ ਕਾਲ ਸਮਾਂਘਟਾਉਣ,ਮਾਨਯੋਗ ਹਾਈਕੋਰਟ ਦੇ ਫੈਸਲੇ ਨੂੰ ਜਰਨਾਲਾਈਜ ਕਰਕੇ ਤਨਖਾਹ ਸਕੇਲ ਸੋਧਣ ਸੰਬੰਧੀ,ਸਮੇਤ ਕਈ ਮੰਗਾਂ ਦੇ ਲਈ ਸਿਹਤ ਮੰਤਰੀ ਪੰਜਾਬ,ਮੁੱਖ ਮੰਤਰੀ ਪੰਜਾਬ ਦੇ ਓਐਸਡੀ ਅਤੇ ਸਿਹਤ ਡਾਇਰੈਕਟਰ ਪੰਜਾਬ ਨਾਲ ਕਈ ਵਾਰ ਮੀਟਿੰਗਾਂ ਕਰ ਚੁੱਕੀ ਹੈ ਪਰ ਵਾਰ ਵਾਰ ਇਹਨਾਂ ਮੰਗਾਂ ਤੇ ਸਹਿਮਤੀ ਪ੍ਰਗਟਾਉਂਦੇ ਹੋਏ ਫਿਰ ਮੰਗਾਂ ਨੂੰ ਲਟਕਾਉਣ ਦੀ ਨੀਤੀ ਅਪਣਾਈ ਜਾ ਰਹੀ ਹੈ,ਜੋ ਮੰਦਭਾਗੀ ਹੈ,ਉਹਨਾਂ ਨੇ ਕਿਹਾ ਕਿ ਜਥੇਬੰਦੀ ਹੁਣ ਵੱਡੇ ਸੰਘਰਸ਼ ਦੇ ਰਾਹ ਦੇ ਵਿੱਚ ਹੈ ਤੇ ਜਿਸ ਦੇ ਤਹਿਤ ਜਿਲਾ ਹੈਡਕੁਆਟਰਾਂ ਰਾਹੀਂ ਮੰਗ ਪੱਤਰ ਭੇਜੇ ਜਾਣਗੇ ਤੇ ਉਸ ਤੋਂ ਬਾਅਦ ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ 4 ਜੂਨ ਨੂੰ ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੇ ਦਫਤਰ ਅੱਗੇ ਸੂਬਾ ਪੱਧਰੀ ਰੋਸ ਧਰਨਾ ਦਿੱਤਾ ਜਾਵੇਗਾ ਉਹਨਾਂ ਕਿਹਾ ਕਿ ਜਥੇਬੰਦੀ ਕਦੇ ਵੀ ਸੰਘਰਸ਼ ਤੋਂ ਪਿੱਛੇ ਨਹੀਂ ਹਟੀ ਤੇ ਹੁਣ ਵੀ ਡੱਟਵਾਂ ਸੰਘਰਸ਼ ਕੀਤਾ ਜਾਵੇਗਾ ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਤੇਜ ਸਿੰਘ, ਅੰਗਰੇਜ ਸਿੰਘ, ਗੁਰਤੇਜ ਸਿੰਘ, ਕੁਲਜੀਤ ਸਿੰਘ, ਗੁਰਦੀਪ ਸਿੰਘ ਵੀ ਹਾਜ਼ਰ ਸਨ।



**ਡਾ ਮਯੰਕਜੋਤ ਸਿੰਘ ਡੀ ਐਮ ਸੀ ਮਾਨਸਾ ਨੂੰ ਮੰਗ ਪੱਤਰ ਸੌਂਪਣ ਮੌਕੇ ਮਲਟੀਪਰਪਜ ਹੈਲਥ ਇੰਪਲਾਈਜ਼ ਯੂਨੀਅਨ ਦੇ ਨੁਮਾਇੰਦੇ।**

# ਮੁੱਖ ਖੇਤੀਬਾੜੀ ਅਫਸਰ ਵੱਲੋਂ ਵੱਖ-ਵੱਖ ਅਦਾਰਿਆਂ ਨਾਲ ਖਾਦਾਂ ਸਬੰਧੀ ਅਹਿਮ ਮੀਟਿੰਗ

**ਨਵਾਂਸ਼ਹਿਰ, 27 ਮਈ(: (ਮਨੋਰੰਜਨ ਕਾਲੀਆ) )** ਪੰਜਾਬ ਸਰਕਾਰ ਅਤੇ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵੱਲੋ ਜਾਰੀ ਨਿਰਦੇਸ਼ਾ ਤਹਿਤ ਡਾ. ਲੇਖ ਰਾਜ, ਮੁੱਖ ਖੇਤੀਬਾੜੀ ਅਫਸਰ ਵੱਲੋਂ ਜਿਲ੍ਹੇ ਅੰਦਰ ਖਾਦਾਂ ਦੀ ਸੰਤੁਲਿਤ ਵਰਤੋ ਕਰਨ ਦੇ ਮੰਤਵ ਲਈ ਸਹਿਕਾਰੀ ਸਭਾਵਾਂ, ਇਫਕੋ, ਮਾਰਕਫੈਡ, ਕਰਿਭਕੋ ਅਤੇ ਜਿਲ੍ਹੇ ਦੇ ਖਾਦ ਹੋਲਸੇਲਰ ਖਾਦ ਡੀਲਰ ਦੇ ਨੁਮਾਇੰਦੀਆਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਉਨਾ ਵੱਲੋ ਇਨਾਂ ਅਦਾਰਿਆ ਕੋਲ ਪਈ ਖਾਦ ਦਾ ਜਾਇਜਾ ਲਿਆ ਗਿਆ। ਕਿਉਂਕਿ ਜ਼ਿਲ੍ਹੇ ਅੰਦਰ ਲੱਗਣ ਵਾਲੇ ਖਾਦਾਂ ਦੇ ਰੇਕਾਂ ਵਿੱਚ 60 ਪ੍ਰਤੀਸ਼ਤ ਸਹਿਕਾਰੀ ਸਭਾਵਾਂ ਅਤੇ 40 ਪ੍ਰਤੀਸ਼ਤ ਪ੍ਰਾਇਵੇਟ ਖਾਦ ਵਿਕਰੇਤਾ ਨੂੰ ਸਪਲਾਈ ਹੁੰਦੀ ਹੈ। ਉਨਾਂ ਵੱਲੋਂ ਖਾਦਾਂ ਦੇ ਪਿਛਲੇ ਸਾਲ ਦੇ ਇਡੈਂਟ ਦੇ ਮੁਕਾਬਲੇ ਇਸ ਸਾਲ ਦੇ ਇਡੈਂਟ ਸਬੰਧੀ ਪੁੱਛਿਆ ਗਿਆ। ਮੀਟਿੰਗ ਵਿੱਚ ਹਾਜਰੀਨ ਨੁਮਾਇੰਦਿਆ ਵੱਲੋਂ ਆਪਣੇ-ਆਪਣੇ ਅਦਾਰਿਆ ਨਾਲ ਸਬੰਧਤ ਯੂਰੀਆ ਅਤੇ ਡੀ.ਏ.ਪੀ. ਖਾਦ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਡਾ. ਲੇਖ ਰਾਜ, ਮੁੱਖ ਖੇਤੀਬਾੜੀ ਅਫਸਰ ਵੱਲੋ ਕਿਹਾ ਗਿਆ ਕਿ ਸਰਕਾਰ ਵੱਲੋ ਖਾਦਾਂ ਦੀ ਵਿਕਰੀ ਵੱਲ ਵਿਸੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਇਸ ਲਈ ਖਾਦ ਦੀ ਵਿਕਰੀ ਪੀ. ਓ. ਐਸ. ਮਸ਼ੀਨ ਰਾਹੀਂ ਹੀ ਕੀਤੀ ਜਾਵੇ ਅਤੇ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਖਾਦ ਦਾ ਫਿਜੀਕਲ ਸਟਾਕ ਅਤੇ ਪੀਓਐਸ ਸਟਾਕ ਮੇਲ ਖਾਂਦਾ ਹੋਵੇ। ਖਾਦ ਵਿਕਰੇਤਾ ਸਟਾਕ ਬੋਰਡ ਲਗਾਉਣ ਦੇ ਨਾਲ-ਨਾਲ ਭਰੇ ਜਾਣੇ ਯਕੀਨੀ ਬਣਾਏ ਜਾਣ ਤਾਂ ਜੋ ਕਿਸਾਨਾਂ ਨੂੰ ਪਈਆਂ ਖੇਤੀ ਵਸਤਾਂ ਦਾ ਪਤਾ ਲੱਗ ਸਕੇ। ਕਿਸਾਨਾਂ ਨੂੰ ਖਾਦ ਦੇ ਕੱਟੇ ਜਾਂਦੇ ਬਿੱਲ ਉਪਰ ਕਿਸਾਨਾਂ ਦਾ ਨਾਮ, ਪਿੰਡ ਦਾ ਨਾਮ, ਮੋਬ-'ਇਲ ਨੰਬਰ ਅਤੇ ਖਾਦ ਦੀ ਦਿੱਤੀ ਮਾਤਰਾ ਲਿਖਿਆ ਹੋਣਾ ਲਾਜਮੀ ਹੈ।ਨਾਲ ਹੀ ਖਾਦਾਂ ਦੀ ਸੁਚੱਜੀ ਵਰਤੋਂ ਕਰਨ ਲਈ ਕਿਸਾਨਾਂ ਨੂੰ ਪ੍ਰੇਰਿਤ ਕੀਤਾ ਜਾਵੇ। ਸ਼੍ਰੀ ਵਿਜੈ ਮਹੇਸ਼ੀ ਖੇਤੀਬਾੜੀ ਵਿਕਾਸ ਅਫਸਰ (ਇਨਫੋਰਸਮੈਂਟ) ਨੇ ਭਾਰਤ ਸਰਕਾਰ ਵੱਲੋ ਜਾਰੀ ਐਫ.ਐਸ.ਏ.ਐਸ. ਬਾਰੇ ਜਾਣਕਾਰੀ ਦਿੰਦਿਆਂ ਹੋਏ ਕਿਹਾ ਗਿਆ ਕਿ ਕਿਸਾਨਾਂ ਦੀ ਵੱਧ ਤੋ ਵੱਧ ਐਗਰੀਸਟੇਕ ਆਈ ਡੀ ਬਣਾਈ ਜਾਵੇ ਤਾਂ ਜੋ ਕਿਸਾਨਾਂ ਨੂੰ ਖਾਦਾਂ ਦੀ ਸੁਖਾਲੀ ਵੰਡ ਕੀਤੀ ਜਾ ਸਕੇ। ਇਸ ਮੌਕੇ ਸ. ਬਲਜਿੰਦਰ ਸਿੰਘ ਜਿਲ੍ਹਾ ਮੈਨੇਜਰ ਮਾਰਕਫੈਡ, ਸ਼੍ਰੀ ਅਸ਼ੋਕ ਕੁਮਾਰ ਸਹਿਕਾਰਤਾ ਵਿਭਾਗ, ਨੀਤਨ ਇਫਕੋ, ਅੰਕੂਰ ਚੌਧਰੀ ਕਰਿਭਕੋ, ਹੈਰੀ ਗੁਲਾਟੀ, ਰੋਹਿਤ ਕੁਮਾਰ, ਅਨਿਕੇਤ ਛਾਬੜਾ, ਗੁਰਪ੍ਰੀਤ ਸਿੰਘ, ਸੰਦੀਪ ਜੋਸ਼ੀ ਆਦਿ ਹਾਜਰ ਸਨ।

# ਨਸ਼ਾ ਮੁਕਤੀ ਕੇਵਲ ਇਲਾਜ ਨਹੀਂ, ਸਮਾਜਿਕ ਪੁਨਰਵਾਸ ਦੀ ਪ੍ਰਕਿਰਿਆ ਵੀ ਹੈ – ਡਾ. ਹਰਪ੍ਰੀਤ ਸਿੰਘ

**ਨਵਾਂਸ਼ਹਿਰ, 27 ਮਈ :** (ਮਨੋਰੰਜਨ ਕਾਲੀਆ) ਸਿਵਲ ਸਰਜਨ ਡਾ ਗੁਰਿੰਦਰਜੀਤ ਸਿੰਘ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਅੰਦਰ ਬਿਹਤਰ ਸਿਹਤ ਦੇਖਭਾਲ ਸੇਵਾਵਾਂ ਮੁਹੱਈਆ ਕਰਵਾਉਣ ਲਈ ਯਤਨਸ਼ੀਲ ਹੈ। ਇਸੇ ਕੜੀ ਤਹਿਤ ਡਿਪਟੀ ਮੈਡੀਕਲ ਕਮਿਸ਼ਨਰ ਡਾ ਹਰਪ੍ਰੀਤ ਸਿੰਘ ਨੇ ਬੁੱਧਵਾਰ ਨੂੰ ਸਰਕਾਰੀ ਨਸ਼ਾ ਮੁਕਤੀ ਕੇਂਦਰ, ਨਵਾਂਸ਼ਹਿਰ ਵਿਖੇ ਅਚਨਚੇਤ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਵੱਲੋਂ ਕੇਂਦਰ ਵਿੱਚ ਦਾਖਲ ਮਰੀਜ਼ਾਂ ਨੂੰ ਪ੍ਰਦਾਨ ਕੀਤੀਆਂ ਜਾ ਰਹੀਆਂ ਸਿਹਤ ਸੇਵਾਵਾਂ, ਇਲਾਜ ਪ੍ਰਬੰਧਨ ਤੇ ਕਾਊਂਸਲਿੰਗ ਪ੍ਰਕਿਰਿਆ ਦਾ ਵਿਸਥਾਰਪੂਰਵਕ ਜਾਇਜ਼ਾ ਲਿਆ। ਦੌਰੇ ਦੌਰਾਨ ਮਾਣਯੋਗ ਡੀ.ਐੱਮ.ਸੀ. ਸਾਹਿਬ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਅਤੇ ਸਟਾਫ ਨਾਲ ਮੀਟਿੰਗ ਕਰਦੇ ਹੋਏ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਮੁਹਿੰਮਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੇ ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਕਿਹਾ ਕਿ ਨਸ਼ਾ ਪੀੜਤ ਵਿਅਕਤੀਆਂ ਨੂੰ ਮਿਆਰੀ ਇਲਾਜ ਦੇ ਨਾਲ-ਨਾਲ ਮਨੋਵਿਗਿਆਨਕ ਸਹਿਯੋਗ ਅਤੇ ਸਕਾਰਾਤਮਕ ਮਾਹੌਲ ਮੁਹੱਈਆ ਕਰਵਾਉਣਾ ਸਮੇਂ ਦੀ ਅਹਿਮ ਲੋੜ ਹੈ, ਤਾਂ ਜੋ ਉਹ ਸਮਾਜ ਦੀ ਮੁੱਖ ਧਾਰਾ ਨਾਲ ਮੁੜ ਜੁੜ ਸਕਣ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨਸ਼ਾ ਪੀੜਤ ਵਿਅਕਤੀਆਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਵਾਪਸ ਲਿਆਉਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਕੇਂਦਰ ਵਿੱਚ ਦਾਖਲ ਮਰੀਜ਼ਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦਾ ਹੌਸਲਾ ਵਧਾਇਆ ਅਤੇ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਲਈ ਪ੍ਰੇਰਿਤ ਕੀਤਾ। ਇਸ ਮੌਕੇ ਮੈਡੀਕਲ ਅਫਸਰ ਡਾ ਰਮਨ ਕੁਮਾਰ ਤੇ ਦੀਪਕ ਕੁਮਾਰ ਸਮੇਤ ਸਿਹਤ ਵਿਭਾਗ ਦੇ ਅਧਿਕਾਰੀ ਅਤੇ ਸਟਾਫ ਮੈਂਬਰ ਵੀ ਹਾਜ਼ਰ ਸਨ।



# ਝੋਨੇ ਦੀ ਫ਼ਸਲ ਦੀ ਬਿਜਾਈ ਤੋਂ ਪਹਿਲਾਂ ਹਲਕਾ ਫਿਲੌਰ ਦੇ ਅੰਦਰ ਨਹਿਰਾਂ ਦੇ ਨਾਲ ਖਾਲਿਆਂ ਤੇ ਪਾਈਪ ਲਾਈਨਾਂ ਦਾ ਕੰਮ ਹੋ ਜਾਵੇਗਾ ਮੁਕੰਮਲ-ਆਪ ਆਗੂ ਜਤਿੰਦਰ ਸਿੰਘ ਕਾਲਾ

**ਫਿਲੌਰ/ਅੱਪਰਾ, 27 ਮਈ (ਦੀਪਾ)**-ਅੱਜ ਅੱਪਰਾ ਵਿਖੇ ਗੱਲਬਾਤ ਕਰਦਿਆਂ ਜਤਿੰਦਰ ਸਿੰਘ ਕਾਲਾ ਵਾਈਸ ਪ੍ਰਧਾਨ ਜਿਲਾ ਯੂਥ ਆਮ ਆਦਮੀ ਪਾਰਟੀ ਜਲੰਧਰ ਤੇ ਆਬਜ਼ਰਵਰ ਫਗਵਾੜਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਫਿਲੌਰ ਦੇ ਅੰਦਰ ਨਹਿਰਾਂ ਤੋਂ ਕਿਸਾਨਾਂ ਦੇ ਖੇਤਾਂ ਤੱਕ ਖਾਲਿਆਂ ਤੇ ਪਾਈਪ ਲਾਈਨਾਂ ਪਾਉਣ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ ।ਉਨਾਂ ਕਿਹਾ ਕਿ ਨਹਿਰੀ ਵਿਭਾਗ ਦੇ ਅਫਸਰਾਂ ਨਹਿਰੀ ਜਿਲਾਕਾਰ ਜਗਤਾਰ ਸਿੰਘ, ਐੱਸ. ਡੀ. ਓ ਨਵਜੋਤ ਸਿੰਘ, ਜੇ. ਏ. ਈ ਰੌਬਿਨ ਸਿੰਘ ਤੇ ਪਟਵਾਰੀ ਅਜੇ ਕੁਮਾਰ ਦੀ ਅਗਵਾਈ ਹੇਠ ਉਕਤ ਕੰਮ ਨੂੰ ਪੂਰੀ ਤੇਜ਼ੀ ਦੇ ਨਾਲ ਅੰਜ਼ਾਮ ਦਿੱਤਾ ਜਾ ਰਿਹਾ ਹੈ ।ਜਤਿੰਦਰ ਸਿੰਘ ਕਾਲਾ ਨੇ ਅੱਗੇ ਕਿਹਾ ਕਿ ਹਲਕਾ ਫਿਲੌਰ ਦੇ ਅੰਦਰ ਇਸ ਕੰਮ ਨੂੰ ਝੋਨੇ ਦੀ ਫ਼ਸਲ ਦੀ ਬਿਜਾਈ ਤੋਂ ਪਹਿਲਾਂ ਹੀ ਮੁਕੰਮਲ ਕਰ ਲਿਆ ਜਾਵੇਗਾ ਤਾਂ ਕਿ ਕਿਸਾਨਾਂ ਨੂੰ ਕਿਸੇ ਪ੍ਰਕਾਰ ਦੀ ਵੀ ਕੋਈ ਦਿੱਕਤ ਪੇਸ਼ ਨਾ ਆਵੇ ।ਉਨਾਂ ਅੱਗੇ ਕਿਹਾ ਕਿ ਕਿਸਾਨਾਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਸਰਕਾਰ ਵਲੋਂ ਇਸ ਕੰਮ ਲਈ ਸਾਰੀ ਰਕਮ ਖਰਚ ਕੀਤੀ ਜਾ ਰਹੀ ਹੈ ।ਇਸ ਮੌਕੇ ਉਨਾਂ ਨਹਿਰੀ ਵਿਭਾਗ ਦੇ ਅਫਸਰਾਂ ਨਹਿਰੀ ਜਿਲਾਕਾਰ ਜਗਤਾਰ ਸਿੰਘ, ਐੱਸ. ਡੀ. ਓ ਨਵਜੋਤ ਸਿੰਘ, ਜੇ. ਏ. ਈ ਰੌਬਿਨ ਸਿੰਘ ਤੇ ਪਟਵਾਰੀ ਅਜੇ ਕੁਮਾਰ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਉਕਤ ਅਫਸਰਾਂ ਦੀ ਕਿਸਾਨਾਂ ਤੇ ਹੋਰ ਵਰਗਾਂ ਨਾਲ ਕੰਮ ਦੇ ਪ੍ਰਤੀ ਗੱਲਬਾਤ ਪੂਰੀ ਹੀ ਨਿਸ਼ਠਾ ਤੇ ਲਗਨ ਨਾਲ ਹੋ ਰਹੀ ਹੈ ।ਇਹ ਅਫਸਰ ਆਮ ਲੋਕਾਂ ਦੇ ਨਾਲ ਮਿਲ ਕੇ ਪਹਿਲ ਦੇ ਆਧਾਰ 'ਤੇ ਕੰਮ ਨੂੰ ਨੇਪਰੇ ਚਾੜ ਰਹੇ ਹਨ, ਜਿਸ ਕਾਰਣ ਕਿਸਾਨ ਵੀਰ ਵੀ ਇਨਾਂ ਅਫਸਰਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਨ ਤੇ ਇਨਾਂ ਅਫਸਰਾਂ ਦਾ ਸਤਿਕਾਰ ਕਰਦੇ ਹਨ ।



# ਬੇਤਹਾਸਾ ਪੈ ਰਹੀ ਗਰਮੀ ਵਿੱਚ ਬੇਜ਼ੁਬਾਨ ਜੀਵਾਂ ਦੀ ਪਿਆਸ ਬੁਝਾਉਣਾ ਸਭਤੋਂ ਵੱਡੀ ਮਨੁੱਖੀ ਸੇਵਾ ਅਤੇ ਪੁੰਨ ਦਾ ਕਾਰਜ ਹੈ : ਡਾਕਟਰ ਭੁਪਿੰਦਰਜੀਤ ਸਿੰਘ ਸੂਰੀ

## ਵੱਧ ਰਹੀ ਗਰਮੀ ਦੇ ਮੱਦੇਨਜ਼ਰ ਬੇਜ਼ੁਬਾਨ ਪੰਛੀਆਂ ਲਈ ਘਰ ਦੀਆਂ ਛੱਤਾਂ 'ਤੇ ਪਾਣੀ ਜ਼ਰੂਰ ਰੱਖੋਂ

**ਨਵਾਂਸ਼ਹਿਰ 27 ਮਈ (ਜਤਿੰਦਰ ਪਾਲ ਸਿੰਘ ਕਲੇਰ )** ਮਈ-ਜੂਨ ਦੇ ਮਹੀਨੇ ਵਿੱਚ ਪੈ ਰਹੀ ਭਿਆਨਕ ਗਰਮੀ ਅਤੇ ਅਸਮਾਨ ਵਿੱਚੋਂ ਵਰ੍ਹ ਰਹੀ ਅੱਗ ਕਾਰਨ ਜਿੱਥੇ ਆਮ ਇਨਸਾਨ ਬੇਹਾਲ ਹੈ, ਉੱਥੇ ਹੀ ਅਸਮਾਨ ਵਿੱਚ ਉੱਡਣ ਵਾਲੇ ਬੇਜ਼ੁਬਾਨ ਪੰਛੀਆਂ ਲਈ ਵੀ ਇਹ ਮੌਸਮ ਬੇਹੱਦ ਚੁਣੌਤੀ ਪੂਰਨ ਬਣ ਗਿਆ ਹੈ। ਇਸ ਸੰਕਟ ਦੇ ਸਮੇਂ ਪੰਛੀਆਂ ਦੀ ਜਾਨ ਬਚਾਉਣ ਲਈ ਦੇਸ਼ ਦੇ ਤਮਾਮ ਲੋਕਾਂ ਨੂੰ ਅੱਗੇ ਆਉਣ ਦੀ ਲੋੜ ਹੈ। ਇਹ ਸ਼ਬਦ ਸੂਰੀ ਹਸਪਤਾਲ ਭੱਦੀ ਰੋਡ ਬਲਾਚੌਰ ਦੇ ਮਾਲਕ ਡਾਕਟਰ ਭੁਪਿੰਦਰਜੀਤ ਸਿੰਘ ਸੂਰੀ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਸਾਂਝੇ ਕੀਤੇ ! ਉਹਨਾਂ ਸਮਾਜ ਸੇਵੀਆਂ, ਵਾਤਾਵਰਣ ਪ੍ਰੇਮੀਆਂ ਅਤੇ ਭਾਰਤ ਦੇ ਸਮੂਹ ਨਾਗਰਿਕਾਂ ਨੂੰ ਇੱਕ ਨਿਮਰਤਾ ਸਹਿਤ ਅਪੀਲ ਕੀਤੀ ਕਿ ਉਹ ਆਪਣੇ ਘਰਾਂ, ਕੋਠਿਆਂ (ਛੱਤਾਂ), ਬਾਲਕੋਨੀਆਂ ਅਤੇ ਆਲੇ-ਦੁਆਲੇ ਖੁੱਲ੍ਹੀਆਂ ਥਾਵਾਂ 'ਤੇ ਮਿੱਟੀ ਜਾਂ ਕਿਸੇ ਹੋਰ ਭਾਂਡੇ ਵਿੱਚ ਪੰਛੀਆਂ ਦੇ ਪੀਣ ਲਈ ਸਾਫ਼ ਸੁਥਰਾ ਪਾਣੀ ਜ਼ਰੂਰ ਰੱਖਣ। ਡਾਕਟਰ ਸੂਰੀ ਨੇ



ਕਿਹਾ ਕਿ ਗਰਮੀ ਦੇ ਇਸ ਮੌਸਮ ਵਿੱਚ ਕੁਦਰਤੀ ਜਲ ਸਰੋਤ, ਟੋਭੇ ਅਤੇ ਨਹਿਰਾਂ ਸੁੱਕ ਜਾਂਦੀਆਂ ਹਨ, ਜਿਸ ਕਾਰਨ ਅਸਮਾਨ ਵਿੱਚ ਉੱਡਣ ਵਾਲੇ ਬੇਜ਼ੁਬਾਨ ਪੰਛੀ ਪਾਣੀ ਦੀ ਇੱਕ-ਇੱਕ ਬੂੰਦ ਲਈ ਮੀਲਾਂ ਤੱਕ ਭਟਕਦੇ ਹਨ। ਉਹਨਾਂ ਕਿਹਾ ਕਿ ਕਈ ਵਾਰ ਪਿਆਸ ਕਾਰਨ ਇਹ ਬੇਜ਼ੁਬਾਨ ਪੰਛੀ ਦਮ ਵੀ ਤੋੜ ਦਿੰਦੇ ਹਨ। ਉਹਨਾਂ ਕਿਹਾ ਕਿ ਜੇਕਰ ਅਸੀਂ ਸਾਰੇ ਆਪਣੇ ਘਰ ਦੀਆ ਛੱਤਾ 'ਤੇ ਭਾਂਡਿਆ ਵਿੱਚ ਪਾਣੀ ਰੱਖਣਾ ਸ਼ੁਰੂ ਕਰ ਦੇਈਏ, ਤਾਂ ਇਹ ਪੰਛੀ ਆਪਣੀ ਪਿਆਸ ਬੁਝਾ ਕੇ ਨਵੀਂ ਜ਼ਿੰਦਗੀ ਪਾ ਸਕਦੇ ਹਨ ! ਉਹਨਾਂ ਕਿਹਾ ਕਿ ਜੇਕਰ ਸੰਭਵ ਹੋਵੇ ਤਾਂ ਮਿੱਟੀ ਦੇ ਕੋਰੇ ਭਾਂਡਿਆ ਦੀ ਵਰਤੋਂ ਕਰੋ, ਕਿਉਂਕਿ ਇਸ ਵਿੱਚ ਪਾਣੀ ਲੰਬੇ ਸਮੇਂ ਤੱਕ ਠੰਢਾ ਰਹਿੰਦਾ ਹੈ। ਉਹਨਾਂ ਕਿਹਾ ਕਿ ਭਾਂਡਿਆ ਵਿੱਚ ਪਾਏ ਪਾਣੀ ਨੂੰ ਰੋਜ਼ਾਨਾ ਬਦਲੋ ਅਤੇ ਭਾਂਡਿਆ ਨੂੰ ਸਾਫ਼ ਰੱਖੋ ਤਾਂ ਜੋ ਪੰਛੀ ਬਿਮਾਰੀਆਂ ਤੋਂ ਬਚੇ ਰਹਿਣ। ਉਹਨਾਂ ਕਿਹਾ ਕਿ ਜੇਕਰ ਛੱਤ ਉੱਪਰ ਕੋਈ ਛਾਂਦਾਰ ਦਰੱਖਤ ਹੋਣ, ਤਾਂ ਪਾਣੀ ਉੱਥੇ ਰੱਖਣਾ ਹੋਰ ਵੀ ਉੱਤਮ ਹੈ। ਉਹਨਾਂ ਕਿਹਾ ਕਿ ਇਸ ਭਿਆਨਕ ਗਰਮੀ ਵਿੱਚ ਬੇਜ਼ੁਬਾਨ ਜੀਵਾਂ ਦੀ ਪਿਆਸ ਬੁਝਾਉਣਾ ਸਭ ਤੋਂ ਵੱਡੀ ਮਨੁੱਖੀ ਸੇਵਾ ਅਤੇ ਪੁੰਨ ਦਾ ਕਾਰਜ ਹੈ। ਆਓ, ਅਸੀਂ ਸਾਰੇ ਰਲ-ਮਿਲ ਕੇ ਇਸ ਮੁਹਿੰਮ ਦਾ ਹਿੱਸਾ ਬਣੀਏ ਅਤੇ ਆਪਣੇ ਘਰ ਦੀ ਛੱਤ 'ਤੇ ਪਾਣੀ ਰੱਖਣ ਦਾ ਪ੍ਰਣ ਲਈਏ।

## ਸਮਾਜ ਸੇਵਕ ਮੌਨੂੰ ਢੀਂਗਰਾ ਨੇ ਜਨਮ ਦਿਨ ਮਨਾਉਣ ਮੌਕੇ ਲਿਆ ਵਾਤਾਵਰਣ ਨੂੰ ਬਚਾਉਣ ਲਈ ਪੌਦੇ ਲਗਾਉਣ ਤੇ ਲੋੜਵੰਦਾਂ ਦੀ ਮੱਦਦ ਕਰਨ ਦਾ ਅਹਿਦ

**ਫਿਲੌਰ/ਅੱਪਰਾ, 27 ਮਈ (ਦੀਪਾ)**-ਹਰ ਇੱਕ ਵਿਅਕਤੀ ਆਪਣੀ ਜ਼ਿੰਦਗੀ ਦੇ ਖੁਸ਼ੀ ਦੇ ਪਲ ਕਈ ਤਰਾਂ ਨਾਲ ਬਤੀਤ ਕਰਦਾ ਹੈ । ਫਿਲ ਚਾਹੇ ਉਹ ਵਿਆਹ ਹੋਵੇ, ਜਨਮ ਦਿਨ ਜਾਂ ਕੋਈ ਹੋਰ ਖੁਸ਼ੀ । ਅਜਿਹੇ ਹੀ ਮੌਕੇ 'ਤੇ ਇੱਕ ਨਿਵੇਕਲਾ ਫੈਸਲਾ ਲੈਂਦੇ ਹੋਏ ਸਮਾਜ ਸੇਵਕ ਮੌਨੂੰ ਢੀਂਗਰਾ ਨੇ ਅਹਿਦ ਕੀਤਾ ਹੈ ਕਿ ਉਹ ਆਪਣੇ ਜਨਮ ਦਿਨ 'ਤੇ ਫਜ਼ੂਲ ਖਰਚੀ ਤੋਂ ਬਚਦੇ ਹੋਏ ਵਾਤਾਵਾਰਣ ਦੀ ਸੁਰੱਖਿਆ ਲਈ ਛਾਂਦਾਰ ਤੇ ਫਲਦਾਰ ਪੌਦੇ ਲਗਾਉਣਗੇ ਤੇ



ਲੋੜਵੰਦਾਂ ਦੀ ਮੱਮਦ ਕਰਨਗੇ । ਉਨਾਂ ਅੱਗੇ ਕਿਹਾ ਕਿ ਜਿੱਥੇ ਵਰਤਮਾਨ ਸਮੇਂ 'ਚ ਹਰ ਇੱਕ ਵਿਅਕਤੀ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਲੱਖਾਂ ਹਜ਼ਾਰਾਂ ਰੁਪਏ ਬਰਬਾਦ ਕਰ ਦਿੰਦੇ ਹਨ, ਪਰੰਤੂ ਆਪਣੇ ਸਮਾਜ ਲਈ ਕੁਝ ਵੀ ਨਹੀਂ ਕਰਦੇ । ਇਸ ਲਈ ਸਾਨੂੰ ਹੁਣ ਇਹ ਸਮਝਣਾ ਪੈਣਾ ਹੈ ਕਿ ਜੇਕਰ ਅਸੀਂ ਆਪਣੇ ਸਮਾਜ ਨੂੰ ਪ੍ਰਫੁੱਲਿਤ ਹੋਣਾ ਦੇਖਣਾ ਚਾਹੁੰਦੇ ਹਾਂ ਤਾਂ ਹਰ ਖੁਸ਼ੀ ਤੇ ਗਮੀ ਦੌਰਾਨ ਵੀ ਸਾਨੂੰ ਆਪਣੇ ਸਮਾਜ ਨਾਲ ਖੜਨਾ ਪੈਣਾ ਹੈ । ਉਨਾਂ ਅੱਗੇ ਕਿਹਾ ਕਿ ਵਰਤਮਾਨ ਸਮੇਂ ਦੀ ਮੁੱਖ ਲੋੜ ਹੈ ਕਿ ਅਸੀਂ ਆਪਣੇ ਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਬਚਾਈਏ ਤਾਂ ਕਿ ਸਾਨੂੰ ਸਾਡੀਆਂ ਆਉਣ ਵਾਲੀਆਂ ਪੀੜੀਆਂ ਦੇ ਅੱਗੇ ਸ਼ਰਮਸ਼ਾਰ ਨਾ ਹੋਣਾ ਪਵੇ ।

## ਪਨਿਆਲੀ ਖੁਰਦ ਵਿਖੇ ਨਹਿਰੀ ਵਿਭਾਗ ਨੇ ਕਰਾਸ ਰੈਗੂਲੇਟਰ ਪ੍ਰੋਜੈਕਟ ਕੀਤਾ ਮੁਕੰਮਲ: ਇਲਾਕਾ ਨਿਵਾਸੀਆਂ ਨੂੰ ਨਹਿਰੀ ਪਾਣੀ ਦੀ ਕਿੱਲਤ ਤੋਂ ਮਿਲੀ ਵੱਡੀ ਰਾਹਤ, ਲੋਕਾਂ ਵੱਲੋਂ ਪੰਜਾਬ ਸਰਕਾਰ ਦਾ ਤਹਿ ਦਿਲੋਂ ਧੰਨਵਾਦ

**ਨਵਾਂਸ਼ਹਿਰ / ਕਾਠਗੜ੍ਹ, 27 ਮਈ (ਜਤਿੰਦਰ ਪਾਲ ਸਿੰਘ ਕਲੇਰ):** ਇਲਾਕੇ ਦੇ ਕਿਸਾਨਾਂ ਅਤੇ ਆਮ ਲੋਕਾਂ ਲਈ ਇੱਕ ਬਹੁਤ ਹੀ ਰਾਹਤ ਭਰੀ ਖ਼ਬਰ ਸਾਹਮਣੇ ਆਈ ਹੈ। ਨਹਿਰੀ ਵਿਭਾਗ ਦੇ ਇਰੀਗੇਸ਼ਨ ਵਿੰਗ ਵੱਲੋਂ ਪਿੰਡ ਪਨਿਆਲੀ ਖੁਰਦ (ਰਾਮਗੜ੍ਹ) ਵਿਖੇ ਸ਼ੁਰੂ ਕੀਤਾ ਗਿਆ ਮਹੱਤਵਪੂਰਨ ਕਰਾਸ ਰੈਗੂਲੇਟਰ ਪ੍ਰੋਜੈਕਟ ਪੂਰੀ ਤਰ੍ਹਾਂ ਮੁਕੰਮਲ ਕਰ ਲਿਆ ਗਿਆ ਹੈ। ਪਿਛਲੇ ਲੰਮੇ ਸਮੇਂ ਤੋਂ ਇਸ ਖੇਤਰ ਦੇ ਲੋਕਾਂ ਨੂੰ ਨਹਿਰੀ ਪਾਣੀ ਦੀ ਭਾਰੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਜਿਸ ਨੂੰ ਮੁੱਖ ਰੱਖਦਿਆਂ ਵਿਭਾਗ ਵੱਲੋਂ ਇਸ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਗਈ ਸੀ। ਇਸ ਪ੍ਰੋਜੈਕਟ ਦੇ ਨਿਰਮਾਣ ਕਾਰਜ ਨੂੰ ਜੰਗੀ ਪੱਧਰ 'ਤੇ ਚਲਾਇਆ ਗਿਆ ਤਾਂ ਜੋ ਗਰਮੀ ਦੇ ਇਸ ਸੀਜ਼ਨ ਵਿੱਚ ਫਸਲਾਂ ਲਈ ਪਾਣੀ ਦੀ ਘਾਟ ਨੂੰ ਜਲਦ ਤੋਂ ਜਲਦ ਪੂਰਾ ਕੀਤਾ ਜਾ ਸਕੇ। ਵਿਭਾਗ ਦੇ ਉੱਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਖੇਤਰ ਦੇ ਲੋਕਾਂ ਦੀ ਤਕਲੀਫ਼ ਨੂੰ ਦੇਖਦਿਆਂ ਇਸ ਕੰਮ ਦੀ ਰਫ਼ਤਾਰ ਨੂੰ ਬਹੁਤ ਤੇਜ਼ ਰੱਖਿਆ ਗਿਆ ਸੀ, ਜਿਸ ਸਦਕਾ ਅੱਜ ਇਹ ਵੱਡਾ ਪ੍ਰੋਜੈਕਟ ਸਫ਼ਲਤਾਪੂਰਵਕ ਨੇਪਰੇ ਚੜ੍ਹ ਗਿਆ ਹੈ ਅਤੇ ਇਲਾਕੇ ਨੂੰ ਪਾਣੀ ਦੀ ਕਿੱਲਤ ਤੋਂ ਸਦਾ ਲਈ ਨਿਜਾਤ ਮਿਲ ਗਈ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡ੍ਰੇਨ ਵਿਭਾਗ ਦੇ ਐਸ.ਡੀ.ਓ. ਦਵਿੰਦਰ ਸਿੰਘ ਨੇ ਦੱਸਿਆ ਕਿ ਇਸ ਅਹਿਮ ਕਾਰਜ ਨੂੰ ਸਮੇਂ ਸਿਰ ਮੁਕੰਮਲ ਕਰਨਾ ਵਿਭਾਗ ਲਈ ਇੱਕ ਵੱਡੀ ਚੁਣੌਤੀ ਸੀ।



ਉਨ੍ਹਾਂ ਦੱਸਿਆ ਕਿ ਵਿਭਾਗ ਦੀਆਂ ਵੱਖ-ਵੱਖ ਟੀਮਾਂ ਵੱਲੋਂ ਦਿਨ-ਰਾਤ ਇੱਕ ਕਰਕੇ, ਬਿਨਾਂ ਰੁਕੇ ਜੰਗੀ ਪੱਧਰ 'ਤੇ ਕੰਮ ਕੀਤਾ ਗਿਆ। ਅਧਿਕਾਰੀਆਂ ਅਤੇ ਮਜ਼ਦੂਰਾਂ ਦੀ ਅਣਥੱਕ ਮਿਹਨਤ ਸਦਕਾ ਹੀ ਇਸ ਪ੍ਰੋਜੈਕਟ ਨੂੰ ਰਿਕ-ਾਰਡ ਸਮੇਂ ਵਿੱਚ ਪੂਰਾ ਕਰਕੇ ਕਿਸਾਨਾਂ ਦੇ ਖੇਤਾਂ ਤੱਕ ਨਹਿਰੀ ਪਾਣੀ ਦੀ ਸਪਲਾਈ ਨੂੰ ਬਿਨਾਂ ਕਿਸੇ ਰੁਕਾਵਟ ਦੇ ਪਹੁੰਚਾਉਣਾ ਸੰਭਵ ਹੋ ਸਕਿਆ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਵਿਭਾਗ ਭਵਿੱਖ ਵਿੱਚ ਵੀ ਕਿਸਾਨਾਂ ਨੂੰ ਪਾਣੀ ਸਬੰਧੀ ਕੋਈ ਮੁਸ਼ਕਿਲ ਨਹੀਂ ਆਉਣ ਦੇਵੇਗਾ। ਇਸ ਵੱਡੇ ਪ੍ਰੋਜੈਕਟ ਦੇ ਮੁਕੰਮਲ ਹੋਣ ਅਤੇ ਖੇਤਾਂ ਵਿੱਚ ਪਾਣੀ ਪਹੁੰਚਣ ਦੀ ਖ਼ਬਰ ਮਿਲਦਿਆਂ ਹੀ ਸਮੁੱਚੇ ਇਲਾਕੇ ਦੇ ਕਿਸਾਨਾਂ ਅਤੇ ਆਮ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਸਥਾਨਕ ਨਿਵਾਸੀਆਂ ਦਾ ਕਹਿਣਾ ਹੈ ਕਿ ਇਸ ਪ੍ਰੋਜੈਕਟ ਦੇ ਪੂਰਾ ਹੋਣ ਨਾਲ ਉਨ੍ਹਾਂ ਦੀਆਂ ਫਸਲਾਂ ਨੂੰ ਨਵਾਂ ਜੀਵਨ ਮਿਲਿਆ ਹੈ ਅਤੇ ਹੁਣ ਉਨ੍ਹਾਂ ਨੂੰ ਸਿੰਚਾਈ ਲਈ ਭਟਕਣਾ ਨਹੀਂ ਪਵੇਗਾ। ਖੁਸ਼ੀ ਨਾਲ ਗਦਗਦ ਹੋਏ ਇਲਾਕਾ ਨਿਵਾਸੀਆਂ ਅਤੇ ਕਿਸਾਨਾਂ ਨੇ ਇਸ ਸ਼ਲਾਘਾਯੋਗ ਕਦਮ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਤੇ ਨਹਿਰੀ ਵਿਭਾਗ ਦੇ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ, ਜਿਨ੍ਹਾਂ ਨੇ ਲੋਕਾਂ ਦੀ ਦਰਦ ਨੂੰ ਸਮਝਦਿਆਂ ਇਸ ਪ੍ਰੋਜੈਕਟ ਨੂੰ ਪਹਿਲ ਦੇ ਅਧਾਰ 'ਤੇ ਨੇਪਰੇ ਚਾੜ੍ਹਿਆ।

## ਕੈਂਟਰ ਗੱਡੀ ਆਪਣੇ-ਆਪ ਪਿੱਛੇ ਰੁੜ੍ਹ ਕੇ ਨੈਸ਼ਨਲ ਹਾਈਵੇ ਤੇ ਬਣੇ ਪਾਣੀ ਦੇ ਨਿਕਾਸੀ ਵਾਲੇ ਨਾਲੇ ਵਿੱਚ ਫਸ ਰੁਕੀ

**ਨਵਾਂਸ਼ਹਿਰ/ਕਾਠਗੜ੍ਹ, 27 ਮਈ (ਜਤਿੰਦਰ ਪਾਲ ਸਿੰਘ ਕਲੇਰ)** ਨੈਸ਼ਨਲ ਹਾਈਵੇ ਤੇ ਨੇੜੇ ਕਾਠਗੜ੍ਹ ਮੋੜ ਤੇ ਇੱਕ ਅਸ਼ੋਕ ਲੈਲੈਂਡ ਕੈਂਟਰ ਗੱਡੀ ਪੀ ਬੀ 07 ਸੀ ਜੀ ਓ 2783 ਨੂੰ ਬਲਵੀਰ ਕੁਮਾਰ ਪੁੱਤਰ ਦਰਸ਼ਨ ਲਾਲ ਚਲਾ ਰਿਹਾ ਸੀ, ਜੋ ਬਲਾਚੌਰ ਸਾਇਡ ਤੋਂ ਰੋਪੜ੍ਹ ਸਾਇਡ ਜਾ ਰਹੀ ਸੀ। ਜਦੋਂ ਇਹ ਕੈਂਟਰ ਗੱਡੀ ਕਾਠਗੜ੍ਹ ਮੋੜ ਤੇ ਤਾਂ ਡਰਾਈਵਰ ਗੱਡੀ ਖੜ੍ਹੀ ਕਰਕੇ ਆਪਣੇ ਨਿੱਜੀ ਕੰਮ ਕਰਨ ਚਲਾ ਗਿਆ ਪਰ ਡਰਾਈਵਰ ਗੱਡੀ ਦਾ ਗੇਅਰ ਪਾਉਣਾ ਭੁੱਲ ਗਿਆ। ਜਿਸ ਨਾਲ ਇਹ ਕੈਂਟਰ ਗੱਡੀ ਆਪਣੇ ਆਪ ਪਿੱਛੇ ਨੂੰ ਰੁੜ੍ਹ ਕੇ ਨੈਸ਼ਨਲ ਹਾਈਵੇ ਤੇ ਬਣੇ ਪਾਣੀ ਦੇ ਨਿਕਾਸੀ ਨਾਲੇ ਦੇ ਉੱਪਰ ਚੜ੍ਹ ਕੇ ਰੁਕ ਗਈ। ਜਿਸ ਨਾਲ ਨਾਲਾ ਵੀ ਬੁਰੀ ਤਰ੍ਹਾਂ ਨੁਕਸਾਨਿਆ ਗਿਆ, ਪਰ ਵੱਡਾ ਹਾਦਸਾ ਹੋਣ ਤੋਂ ਟਲ ਗਿਆ। ਵਰਨਣਯੋਗ ਹੈ ਕਿ ਜੇ ਕੈਂਟਰ





ਗੱਡੀ ਥੋੜ੍ਹਾ ਜਿਹਾ ਹੋਰ ਪਿੱਛੇ ਚਲੀ ਜਾਂਦੀ ਤਾਂ ਗੱਡੀ ਨੇ ਪਲਟੀਆਂ ਖਾ ਜਾਣੀਆਂ ਸਨ। ਪਰ ਗੱਡੀ ਦੇ ਟਾਈਰ ਨਾਲੇ ਵਿੱਚ ਫਸ ਜਾਣ ਨਾਲ ਗੱਡੀ ਰੁਕ ਗਈ ਜਿਸ ਕਾਰਨ ਵੱਡਾ ਨੁਕ-ਸਾਨ ਹੋਣ ਤੋਂ ਬਚ ਗਿਆ। ਐਸ ਐਸ ਐਫ ਦੀ ਟੀਮਨੇ ਮੌਕੇ ਤੇ ਪਹੁੰਚ ਕੇ ਬੜੀ ਮੁਸ਼ਕਿਲ ਨਾਲ ਕੈਂਟਰ ਗੱਡੀ ਨੂੰ ਬਾਹਰ ਕਢਵਾ ਕੇ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਬਹਾਲ ਕਰਵਾਇਆ।

# ਪੈਸਾ–ਹੈ ਹੀ ਐਸਾ

ਅੱਜ ਸਾਰੀ ਰਾਤ ਉਸਲ-ਵੱਟੇ ਲੈਂਦਿਆਂ ਬੀਤੀ। ਜਦੋਂ ਥੋੜ੍ਹੀ ਜਿਹੀ ਅੱਖ ਲੱਗਦੀ - ਮੁਆਫ਼ ਕਰਨਾ, ਕਿਸੇ ਕੁੜੀ-ਚਿੜੀ ਵੱਲ ਧਿਆਨ ਨਾ ਲੈ ਜਾਇਓ - ਤਾਂ ਖ਼ਾਲੀ ਬਟੂਆ ਹੁੱਬਾਂ ਮਾਰਦਾ ਦਿਸਦਾ। ਮੈਨੂੰ ਲੱਗਦਾ, ਜਿਵੇਂ ਉਹ ਕਹਿ ਰਿਹਾ ਹੋਵੇ, "ਸਰਦਾਰਾ, ਬਾਹਰ ਜਾਣ ਲੱਗਿਆਂ ਤਾਂ ਬੜੀ ਟੱਸ਼ਨ ਕੱਢ ਕੇ ਜਾਂਦੈਂ, ਪੱਗ ਨੂੰ ਸੰਤਰੇ ਦੀਆਂ ਫਾੜੀਆਂ ਵਾਂਗ ਸਜਾ-ਸਜਾ ਕੇ ਇੱਕ-ਦੂਜੀ ਉੱਤੇ ਧਰਨੋਂ ਥੱਕਦਾ ਨਹੀਂ, ਪਰ ਮੇਰੀ ਅੱਜ-ਕੱਲ੍ਹ ਸਾਰ ਨਹੀਂ ਲੈਂਦਾ। ਖ਼ਾਲੀ ਢਿੱਡ ਵਿੱਚ ਨੋਟਾਂ ਦੀਆਂ ਪੰਜ-ਸੱਤ ਤਹਿਆਂ ਹੀ ਲਾ ਦੇ। ਐਵੇਂ ਪਲਾਸਟਿਕ ਦੇ ਕਾਰਡ ਨਾਲ ਮੇਰਾ ਬੁੱਤਾ ਸਾਰੀ ਜਾਨੈਂ।"

ਗੱਲ ਤਾਂ ਮੈਨੂੰ ਉਹਦੀ ਠੀਕ ਲੱਗੀ। ਜੋ ਨਿੱਘ ਪੈਸੇ ਦਾ ਮਿਲਦਾ, ਉਹ ਪਲਾਸਟਿਕ ਦੇ ਕਾਰਡ ਵਿੱਚ ਕਿੱਥੇ? ਪਤਾ ਹੀ ਨਹੀਂ ਲੱਗਦਾ ਕਿ ਉਸ ਉੱਤੇ ਬੈਂਕ ਵਾਲੇ ਕਿੰਨਾ ਕੁ ਉਧਾਰ ਚਾੜ੍ਹੀ ਬੈਠੇ ਹੁੰਦੇ ਹਨ। ਚਾਹ ਦੀ 'ਕੱਪੀ' ਪੀਣ ਤੋਂ ਪਹਿਲਾਂ ਹੀ ਸੋਚਣ ਲੱਗਾ ਕਿ ਮੈਂ ਪੈਸੇ 'ਤੇ ਕੀ ਬੋਲ/ਲਿਖ ਸਕਦਾਂ? ਪੈਸਾ ਤਾਂ ਆਪ ਹੀ ਬਹੁਤ ਕੁੱਝ ਬੋਲ ਸਕਦਾ। ਕਈ ਲੋਕਾਂ ਨੂੰ ਪੈਸਾ ਨਜ਼ਰ ਆਉਂਦਾ ਤੇ ਕਈ ਪੈਸੇ ਨੂੰ ਆਪਣੇ ਉੱਪਰ ਨਜ਼ਰ ਆਉਣ ਦਿੰਦੇ ਹਨ। ਕੁੱਝ ਲੋਕ ਅਜਿਹੇ ਵੀ ਹੁੰਦੇ ਹਨ ਜਿੰਨ੍ਹਾਂ ਕੋਲ ਕੋਈ ਪੈਸਾ-ਵੈਸਾ ਨਹੀਂ ਹੁੰਦਾ - ਸ਼ਾਹੀ ਮਲੰਗ - ਕੋਸ਼ਿਸ਼ ਕਰਦੇ ਰਹਿੰਦੇ ਨੇ ਕਿ ਕਿਸੇ ਤੋਂ ਚਾਰ ਪੈਸੇ ਮਿਲ ਜਾਣ, ਠਗਿਆ ਜਾਵੇ।

ਤੁਸੀਂ ਵੀ ਛੋਟੇ ਹੁੰਦਿਆਂ ਤੋਂ ਸੁਣਦੇ ਆ ਰਹੇ ਹੋ ਕਿ ਪੈਸਾ ਹੱਥ ਦੀ ਮੈਲ ਹੁੰਦਾ, ਜੋ ਹੱਥਾਂ ਵਿੱਚੋਂ ਦੀ ਲੰਘ ਕੇ ਨੀਅਤ ਵਿੱਚ ਆ ਜਾਂਦਾ ਹੈ। ਇਹ ਹੌਲੀ-ਹੌਲੀ ਤੁਰਦਾ ਦਿਲ ਵਿੱਚ ਅਤੇ ਫਿਰ ਰਿਸ਼ਤਿਆਂ ਤੱਕ ਪਹੁੰਚ ਜਾਂਦਾ। ਤੁਸੀਂ ਦੱਸੋ, ਭਲਾ ਕੀ ਕੋਈ ਪੈਸੇ ਤੋਂ ਹੱਥ ਧੋ ਬੈਠੇ? ਇਹ ਕਿਵੇਂ ਹੋ ਸਕਦਾ ਹੈ? ਇਸੇ ਕਰਕੇ ਇਸ ਦੀ ਮੈਲ ਇਸ ਹੱਦ ਤੱਕ ਜਮ੍ਹਾਂ ਹੋ ਜਾਂਦੀ ਹੈ ਕਿ ਮੈਲ ਦਾ ਪੱਥਰ ਬਣ ਜਾਂਦਾ ਹੈ। ਅਜਿਹੇ ਲੋਕ ਦੁਨੀਆ ਛੱਡਣ ਸਮੇਂ ਸਿਕੰਦਰ ਵਾਂਗ ਖ਼ਾਲੀ ਹੱਥ ਜਾਂਦੇ ਹਨ, ਪਰ ਕਦੇ ਸਿਕੰਦਰ ਦੀ ਜ਼ਿੰਦਗੀ ਜੀ ਕੇ ਨਹੀਂ ਦੇਖੀ ਹੁੰਦੀ।

ਪੈਸਾ ਕਈ ਰੋਗਾਂ ਦਾ ਸਬੱਬ ਬਣ ਜਾਂਦਾ ਹੈ। ਕਈਆਂ ਨੂੰ, ਖ਼ਾਸ ਕਰ ਧਨਾਢਾਂ ਨੂੰ, ਕਈ-ਕਈ ਹਜ਼ਾਰਾਂ ਕਰੋੜਾਂ ਦਾ ਕਰਜ਼ਾ ਲੈਣ ਦਾ ਅਜਿਹਾ 'ਚਸਕਾ-ਰੋਗ' ਲੱਗ ਜਾਂਦਾ ਹੈ ਕਿ ਮਰਦੇ ਦਮ ਤੱਕ ਖਹਿੜਾ ਨਹੀਂ ਛੱਡਦਾ। ਕਈ ਕਿਸੇ ਨੂੰ ਕਰਜ਼ ਦੇ ਕੇ ਸੂਦ ਦੀ ਬਿਮਾਰੀ ਬੇਵਜ੍ਹਾ ਆਪਣੇ ਗਲ ਪਵਾ ਲੈਂਦੇ ਨੇ, ਜਿਸ ਦਾ ਇਲਾਜ ਕੇਵਲ ਕਰਜ਼ਾ ਲੈਣ ਵਾਲੇ - ਮਕਰੂਜ਼ - ਕੋਲ ਹੀ ਹੁੰਦਾ ਹੈ, ਪਰ ਉਹ ਆਪਣਾ ਇਹ 'ਪੇਟੈਂਟ ਨੁਸਖ਼ਾ' ਆਪਣੇ ਬਿਮਾਰ ਨੂੰ ਕਦੇ ਨਹੀਂ ਦਿੰਦਾ। ਉਹ ਇਹ 'ਮੰਗਵੇਂ ਖੰਭ' ਲੈ ਕੇ ਧਰਤੀ 'ਤੇ ਉੱਡਣ ਲੱਗਦਾ ਹੈ ਅਤੇ ਇਸੇ ਕਰਜ਼ ਦੇ ਜਾਦੂਮਈ ਅਸਰ ਨਾਲ ਗ਼ਾਇਬ ਹੋ ਜਾਂਦਾ। ਕਈ ਵਾਰੀ ਤਾਂ ਕਰਜ਼ੇ ਦੀ ਰਕਮ ਕਢਵਾਉਣ ਵਾਸਤੇ, ਜਾਨ ਕੱਢਣ ਨਾਲੋਂ ਵੀ ਮੁਸ਼ਕਲ ਪਵਾੜਾ ਪੈ ਜਾਂਦਾ।

ਕਈ ਰਿਣਦਾਤਾ ਲੋਕ - ਬੈਂਕਾਂ, ਆੜ੍ਹਤੀਏ - ਆਪਣਾ ਕਰਜ਼ਾ ਵਾਪਸ ਲੈਣ ਦੇ ਝੰਜਟਾਂ ਤੋਂ ਬਚਣ ਲਈ, ਬਾਹਰੋਂ-ਬਾਹਰ ਹੀ ਕਰਜ਼ਦਾਰ ਦੀ ਜਾਨ - ਖ਼ੁਦਕੁਸ਼ੀ - ਲੈ ਲੈਂਦੇ ਹਨ।

ਪੈਸਾ ਜਿੰਨਾ ਕਮਾਇਆ ਜਾਵੇ, ਉਨ੍ਹਾਂ ਹੀ ਥੋੜ੍ਹਾ ਹੈ। ਜ਼ਰਾ ਸੋਚੋ, ਜਦੋਂ ਤੁਸੀਂ ਕੋਈ ਵੀ ਚੈੱਕ ਲਿਖਦੇ/ਕੱਟਦੇ ਹੋ ਤਾਂ ਉਸ 'ਤੇ ਰਕਮ ਦੇ ਪਿੱਛੇ 'ਓਨਲੀ' ਲਿਖਦੇ ਹੋ। ਭਾਵੇਂ ਸੌ ਦਾ ਹੋਵੇ ਤਾਂ ਵੀ ਅਤੇ ਕਰੋੜ ਦਾ ਹੋਵੇ ਤਾਂ ਵੀ। ਬਹੁਤੇ ਲੋਕਾਂ ਦੀ ਜ਼ਿੰਦਗੀ ਦਾ ਮਕਸਦ ਕੇਵਲ ਪੈਸਾ ਕਮਾਉਣਾ ਹੀ 'ਓਨਲੀ' ਹੁੰਦਾ ਹੈ। ਇਹ ਲੋਕ ਕਿਉਂ ਭੁੱਲ ਜਾਂਦੇ ਹਨ ਕਿ ਜਿਸ ਤਰੀਕੇ ਨਾਲ ਇਹ ਉਨ੍ਹਾਂ ਕੋਲ ਆਇਆ ਹੈ, ਉਸੇ ਵਿੱਚੋਂ ਕੁੱਝ ਹਿੱਸਾ ਲੋੜਵੰਦ ਕੋਲ ਵੀ ਜਾਣਾ ਚਾਹੀਦਾ ਹੈ।

ਜਦੋਂ ਕਦੇ ਸਾਡੇ ਕੋਲ ਕਿਸੇ ਵਸੀਲੇ ਨਾਲ ਢੇਰ ਸਾਰਾ ਪੈਸਾ ਆ ਜਾਂਦਾ ਹੈ ਤਾਂ ਅਸੀਂ ਕਹਿੰਦੇ ਹਾਂ ਕਿ ਇਹ ਤਾਂ ਸਾਡੇ ਨਸੀਬ ਕਰਕੇ ਆਇਆ ਹੈ, ਪਰ ਜਦੋਂ ਕਿਸੇ ਨੂੰ ਉਹਦਾ ਹੱਕ ਦੇਣ ਦੀ ਵਾਰੀ ਆਉਂਦੀ ਹੈ ਤਾਂ ਇਹ ਭੁੱਲ ਜਾਂਦੇ ਹਾਂ ਕਿ ਉਸ ਦਾ ਵੀ ਕੋਈ ਨਸੀਬ ਹੈ।

ਇਹ ਹੱਥ ਦੀ ਮੈਲ ਨੂੰ 'ਕਰੋਨਾ ਵਾਇਰਸ' ਵਾਂਗ ਜਿੰਨੀ ਛੇਤੀ ਸਾਫ਼ ਕਰਕੇ ਲਾਹ ਦਿੱਤਾ ਜਾਵੇ, ਉਨ੍ਹਾਂ ਹੀ ਚੰਗਾ ਹੈ। ਇਹ ਬਹੁਪ੍ਰਭਾਵੀ ਕਾਰਜ ਮਨੁੱਖ ਦੇ ਜੀਵਨ ਨੂੰ ਅਵੱਸ਼ ਖ਼ੁਸ਼ੀ ਪ੍ਰਦਾਨ ਕਰੇਗਾ।

'ਕੋਵਿਡ-19' ਵਾਂਗ, ਪੈਸੇ ਬਾਰੇ ਵੀ ਜਿੰਨਾ ਲਿਖਿਆ ਜਾਵੇ ਘੱਟ ਹੈ। ਇਸ ਦੀ ਸਹੀ ਯੋਗ ਵੰਡ ਬਾਰੇ ਵੀ ਅਜੇ ਤੱਕ ਪਤਾ ਨਹੀਂ ਲੱਗਿਆ। ਦੋਹਾਂ ਦੀ ਵੈਕਸੀਨ ਦੀ ਖੋਜ, ਪ੍ਰਯੋਗਸ਼ਾਲਾਵਾਂ ਵਿੱਚ ਦਿਨ-ਰਾਤ ਮਿਹਨਤ ਨਾਲ ਹੋ ਰਹੀ ਹੈ।

ਮੈਨੂੰ ਲੱਗਿਆ ਕਿ ਜੇਬ ਵਿੱਚੋਂ ਬਟੂਆ ਆਸੇ-ਪਾਸੇ ਮਾਰ ਰਿਹਾ।

ਮੈਂ ਉਸ ਨੂੰ ਪਲੋਸਦੇ ਹੋਏ ਕਿਹਾ, "ਮੇਰੇ ਪਿਆਰੇ ਬਟੂਏ! ਤੂੰ ਉਨ੍ਹਾਂ ਚਿਰ ਆਰਾਮ ਕਰ, ਜਦੋਂ ਤੱਕ ਹਾਲਾਤ ਅਨੁਕੂਲ ਨਹੀਂ ਹੋ ਜਾਂਦੇ।"

ਇਹ ਸੁਣ ਕੇ, ਉਸ ਨੇ ਡੂੰਘਾ ਹੌਕਾ ਲਿਆ ਅਤੇ ਚੁੱਪੀ ਧਾਰ ਲਈ।



**ਸੁਰਜੀਤ ਸਿੰਘ ਭੁੱਲਰ**

# ਮਾਂ

ਬਹੁਤ ਪੁਰਾਣੇ ਸਮੇਂ ਦੀ ਗੱਲ ਹੈ ਸਾਡੇ ਘਰੇ ਵਿੱਚ ਇੰਨੀ ਗਰੀਬੀ ਸੀ ਕਿ ਦੋ ਟਾਈਮ ਦਾ ਖਾਣਾ ਵੀ ਨਸੀਬ ਨਹੀਂ ਸੀ। ਮੈਂ ਬਿਸਤਰ ਤੋਂ ਉੱਠੀ ਅਤੇ ਖਿੜਕੀ ਵੱਲ ਦੇਖਿਆ ਮੇਰੀ ਮਾਂ ਕੁਝ ਔਰਤਾਂ ਨਾਲ ਗੱਲਾਂ ਕਰ ਰਹੀ ਸੀ। ਉਹ ਔਰਤਾਂ ਮੇਰੀ ਮਾਂ ਨੂੰ ਇਸ ਤਰ੍ਹਾ ਝਿੜਕ ਰਹੀਆਂ ਸਨ ਜਿਸ ਤਰ੍ਹਾਂ ਸੋਤੇਲੀ ਮਾਂ ਆਪਣੀ ਸੌਤੇਲੀ ਕੁੜੀ ਨੂੰ ਝਿੜਕ ਰਹੀ ਹੁੰਦੀ ਹੈ ਉਹ ਕਹਿ ਰਹੀਆਂ ਸਨ ਕਿ ਤੇਰੇ ਕੋਲ ਤਾਂ ਇੰਨੇ ਵੀ ਪੈਸੇ ਨਹੀਂ ਕਿ ਤੂੰ ਆਪਣੀ ਕੁੜੀ ਲਈ ਢੰਗ ਦੇ ਕੱਪੜੇ ਹੀ ਖਰੀਦ ਸਕੇ ਉਸ ਵਕਤ ਮੇਰੀਆ ਅੱਖਾਂ ਵਿੱਚ ਹੰਜੂ ਭਰ ਆਏ । ਉਦੋਂ ਮੈਂ ਸੋਚਿਆ ਕਿ ਮੈਂ ਇੰਨੀ ਪੜ੍ਹਾਈ ਕਰਨੀ ਹੈ ਕਿ ਮੇਰੇ ਮਾਪਿਆਂ ਦਾ ਨਾਂ ਰੋਸ਼ਨ ਹੋਵੇ ਫਿਰ ਮੈਂ ਛੇਤੀ ਆਪਣੇ ਬੈਗ ਕੋਲ ਗਈ ਅਤੇ ਬੈਗ ਵਿੱਚੋਂ ਕਿਤਾਬਾਂ ਕੱਡ ਕੇ ਉਹਨਾਂ ਨੂੰ ਪੜ੍ਹਨਾ ਸ਼ੁਰੂ ਕਰ ਦਿੱਤਾ। ਪੜਦੇ-ਪੜਦੇ ਮੈਨੂੰ ਲਗਾਤਾਰ ਤਿੰਨ ਘੰਟੇ ਹੋ ਗਏ, ਉਸ ਵਕਤ ਮੇਰੇ ਅੱਠਵੀਂ ਦੇ ਇਮਤਿਹਾਨ ਵੀ ਨਜ਼ਦੀਕ ਹੀ ਸਨ। ਮੈਂ ਉਹਨਾਂ ਦੀ ਵੀ ਬਹੁਤ ਤਿਆਰੀ ਕੀਤੀ ਅਤੇ ਜਦੋਂ ਮੇਰਾ ਰਿਜ਼ਲਟ ਆਇਆ ਤਾਂ ਮੈਂ ਉਸ ਵਿੱਚ 98% ਨੰਬਰਾਂ ਨਾਲ ਪਾਸ ਹੋਈ ਹੁਣ ਮੈਂ ਠਾ ਨ ਲਿਆ ਸੀ ਕਿ ਮੈਂ ਇਸੇ ਤਰ੍ਹਾਂ ਪੜ੍ਹਾਈ ਕਰਕੇ ਆਪਣੇ ਮਾਪਿਆਂ ਦਾ ਨਾਂ ਰੋਸ਼ਨ ਕਰਨਾ ਹੈ। ਫਿਰ ਮੈਂ ਆਪਣੀ ਦਸਵੀਂ ਦੇ ਇਮਤਿਹਾਨ ਦੀ ਵੀ ਤਿਆਰੀ ਕੀਤੀ। ਦਸਵੀਂ ਵਿੱਚ ਮੇਰੇ 99% ਨੰਬਰ ਆਏ ਅਤੇ ਨਾਲ ਹੀ ਮੈਨੂੰ ਵਜ਼ੀਫਾ ਲੱਗ ਗਿਆ। ਇਸ ਤਰ੍ਹਾਂ ਅੱਗੇ ਪੜਦਿਆਂ -ਪੜਦਿਆਂ ਮੈਨੂੰ ਪੁਲਿਸ ਦੀ ਨੌਕਰੀ ਵੀ ਲੱਗ ਗਈ। ਮੇਰੀ ਮਾਂ ਇਹ ਦੇਖ ਕੇ ਬਹੁਤ ਖੁਸ਼ ਹੋਈ। ਮੈਂ ਨਵੀਂ ਗੱਡੀ ਵੀ ਲੈ ਲਈ। ਜਦੋਂ ਮੈਂ ਮੇਰੀ ਮਾਂ ਨੂੰ ਗੱਡੀ ਵਿੱਚ ਬਿਠਾਉਣ ਲੱਗੀ ਤਾਂ ਮੈਂ ਉਹਨਾਂ ਔਰਤਾਂ ਨੂੰ ਆਉਂਦਿਆਂ ਵੇਖਿਆ, ਜੋ ਉਸ ਵਕਤ ਮੇਰੀ ਮਾਂ ਨੂੰ ਤਾਨਾ ਦੇ ਰਹੀਆਂ ਸਨ। ਉਹਨਾਂ ਨੇ ਮੇਰੇ ਮੂੰਹ ਵੱਲ ਦੇਖਦੇ ਕਿਹਾ ਜਿਹੜੀ ਮਾਂ ਕੋਲ ਢੰਗ ਦੇ ਕੱਪੜੇ ਵੀ ਨਹੀਂ ਸੀ ਅਤੇ ਦੋ ਵਕਤ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ ਸੀ ਅੱਜ ਉਹ ਗੱਡੀਆਂ ਵਿੱਚ ਘੁੰਮ ਰਹੀ ਹੈ। ਅਤੇ ਉਹਨਾਂ ਨੇ ਮੈਨੂੰ ਇਹ ਵੀ ਗੱਲ ਕਹੀ ਕਿ ਤੂੰ ਬਹੁਤ ਨਸੀਬ ਵਾਲੀ ਹੈ ਜੋ ਤੇਰੀ ਮਾਂ ਨੇ ਗਰੀਬੀ ਵਿੱਚ ਪੜਾਇਆ ਲਿਖਾਇਆ ਤੇ ਤੈਨੂੰ ਤੇਰੇ ਪੈਰਾਂ ਤੇ ਖੜਾ ਕੀਤਾ। ਉਹ ਹੁਣ ਤਾਂ ਇਹ ਗੱਲ ਦੇਖ ਕੇ ਹੈਰਾਨ ਰਹਿ ਗਈਆਂ ਕਿ ਇੱਕ ਗਰੀਬ ਦੀ ਧੀ ਨੇ ਤਰੱਕੀ ਕਰ ਲਈ। ਮੈਂ ਮੇਰੀ ਮਾਂ ਨੂੰ ਕਿਹਾ ਹੈ ਕਿ ਮਾਂ ਮੈ ਤੇਰਾ ਇਹ ਇਹਸਾਨ ਕਦੇ ਨਹੀਂ ਭੁਲਾਗੀ ( ਧੰਨਵਾਦ ਮੇਰੀ ਪਿਆਰੀ ਮਾਂ)



**ਸੀਰਤਦੀਪ ਕੌਰ**
**ਜਮਾਤ -ਸੱਤਵੀਂ**
**ਸ.ਮਿ.ਸ. ਜਾਗੋ ਚਨਾਰਥਲ।**




In Loving Memory of

**BHAGAT RAM SAMPLA**

FUNERAL SERVICE

Will be held on
Monday, 01st June 2026

Service at 12:00pm

Guildford Crematorium
New Pond Road
Godalming, Surrey
GU7 3DB

LUNCH

1:15pm

Empire Banqueting Hall
High Street
Aldershot
GU11 1DJ

# ਪੰਜਾਬ ਦਾ ਬੋਧੀ ਇਤਿਹਾਸ: ਸਾਰ ਅਤੇ ਸਮੀਖਿਆ ( ਭਾਗ-3)






**ਲੇਖਕ ਨਾਲ ਜਾਣ-ਪਹਿਚਾਣ**

ਸ਼੍ਰੀ ਹਰਮੇਸ਼ ਜੱਸਲ, ਸੰਸਥਾਪਕ ਮਲਿੰਦ ਪ੍ਰਕਾਸ਼ਨ (ਸੰਨ 2000), ਜੋ ਹੁਣ ਤੱਕ ਵੱਡੀਆਂ-ਛੋਟੀਆਂ 17 ਕਿਤਾਬਾਂ ਛਾਪ ਚੁੱਕੇ ਹਨ, ਇੱਕ ਬਹੁਪੱਖੀ ਸ਼ਖ਼ਸੀਅਤ ਹਨ। ਉਹ ਇੱਕ ਸਮਰਪਿਤ ਅੰਬੇਡਕਰੀ-ਬੋਧੀ, ਬੁੱਧੀਜੀਵੀ, ਲੇਖਕ, ਬੁਲਾਰੇ ਅਤੇ ਸਮਾਜ ਸੇਵਕ ਵਜੋਂ ਪ੍ਰਸਿੱਧ ਹਨ।

**ਸਿੱਖਿਆ** : ਉਨ੍ਹਾਂ ਦਾ ਜਨਮ, ਪਿਤਾ ਸ਼੍ਰੀ ਨਾਨਕ ਚੰਦ, ਮਾਤਾ ਸ਼੍ਰੀਮਤੀ ਕਰਤਾਰ ਕੌਰ ਦੇ ਘਰ 15 ਮਈ, 1955 ਨੂੰ ਬੂਟਾਂ ਮੰਡੀ (ਜਲੰਧਰ) ਵਿਖੇ ਹੋਇਆ। ਮੁੱਢਲੀ ਸਿੱਖਿਆ ਜੱਦੀ ਪਿੰਡ ਬਸ਼ੇਸ਼ਰਪੁਰ, ਮਿਡਲ ਲੱਲੀਆਂ ਕਲਾਂ, ਮੈਟ੍ਰਿਕ ਸਰਕਾਰੀ ਹਾਈ ਸਕੂਲ ਲਾਂਬੜਾ ਅਤੇ ਉਚੇਰੀ ਸਿੱਖਿਆ ਡੀ.ਏ.ਵੀ. ਕਾਲਜ ਜਲੰਧਰ ਤੋਂ ਉਪਰੰਤ ਐੱਮ.ਏ. ਰਾਜਨੀਤੀ ਸ਼ਾਸਤਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਾਪਤ ਕੀਤੀ। ਉਹ ਅਨੇਕਾਂ ਭਾਸ਼ਾਵਾਂ-ਪੰਜਾਬੀ, ਹਿੰਦੀ, ਅੰਗ੍ਰੇਜ਼ੀ, ਉਰਦੂ ਅਤੇ ਪਾਲੀ ਦੇ ਜਾਣਕਾਰ ਹਨ।

**ਸਾਹਿਤਕ ਕਾਰਜ** : ਜਿਉਂ ਹੀ ਉਨ੍ਹਾਂ ਨੇ 1974 ਵਿਚ ਅੰਬੇਡਕਰ ਮਿਸ਼ਨ ਦਾ ਪਾਠ ਪੜ੍ਹਿਆ, ਫੇਰ ਹੋਰ ਜਾਨਣ ਦੀ ਲਾਲਸਾ ਕਦੇ ਨਹੀਂ ਮਿਟੀ। ਉਨ੍ਹਾਂ ਨੇ ਅੰਬੇਡਕਰ ਮਿਸ਼ਨ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਆਪਣੇ ਜੀਵਨ ਦਾ ਕੇਂਦਰ-ਬਿੰਦੂ ਬਣਾ ਲਿਆ। ਰੋਜ਼ਾਨਾ ਅਖ਼ਬਾਰਾਂ ਵਿਚ ਲੇਖ ਲਿਖਣ, ਅਨੁਵਾਦ ਕਰਨ, ਪੁਸਤਕ ਰਚਣ ਤੇ ਪ੍ਰਕਾਸ਼ਨ ਦਾ ਸਾਹਿਤਕ ਕਾਰਜ ਕਈ ਦਹਾਕਿਆਂ ਤੋਂ ਕਰ ਰਹੇ ਹਨ।

**ਅੰਦੋਲਨਕਰਤਾ** : ਸਮਤਾ ਸੈਨਿਕ ਦਲ ਵਲੋਂ 4 ਅਪ੍ਰੈਲ ਤੋਂ 12 ਅਪ੍ਰੈਲ, 1982 ਤੱਕ, ਬਾਬਾ ਸਾਹਿਬ ਡਾ. ਅੰਬੇਡਕਰ ਦੇ ਜਨਮ ਦਿਨ 14 ਅਪ੍ਰੈਲ ਨੂੰ ਗਜ਼ਟਿਡ ਛੁੱਟੀ ਘੋਸ਼ਿਤ ਕਰਵਾਉਣ ਲਈ ਚੱਲੇ ਸੰਘਰਸ਼ 'ਚ ਸ਼੍ਰੀ ਬਿਹਾਰੀ ਲਾਲ 'ਖ਼ਾਰ' ਵਲੋਂ ਰੱਖੇ 'ਮਰਨ ਵਰਤ ਅੰਦੋਲਨ' ਦੀ ਰੂਪ ਰੇਖਾ ਉਲੀਕਣ ਤੇ ਚਲਾਉਣ ਵਿਚ ਕੇਂਦਰੀ ਰੋਲ ਅਦਾ ਕੀਤਾ।

**ਪੱਤਰਕਾਰਤਾ** : ਰਿਪਬਲਿਕਨ ਪਾਰਟੀ ਲਈ ਕੱਢੇ ਗਏ 'ਭੀਮ ਪੱਤ੍ਰਿਕਾ' ਪੰਜਾਬੀ ਦੇ ਪ੍ਰਬੰਧਕ (ਸੰਨ 1979 ਤੋਂ 1982) ਅਤੇ ਗ਼ਦਰੀ ਬਾਬਿਆਂ ਦੇ ਅਖ਼ਬਾਰ 'ਕਿਰਤੀ' ਨੂੰ (ਸੰਨ 1984 ਤੋਂ 1988) ਤੱਕ ਸੰਪਾਦਨ ਤੇ ਪ੍ਰਕਾਸ਼ਨ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ।

**ਸੰਸਥਾਗਤ ਕਾਰਜ** : ਉਹ ਬਹੁਤ ਸਾਰੀਆਂ ਸੰਸਥਾਵਾਂ ਦੇ ਸੰਸਥਾਪਕ, ਟਰੱਸਟੀ, ਮੁੱਢਲੇ ਮੈਂਬਰ ਅਤੇ ਸਹਿਯੋਗੀ ਰਹੇ ਹਨ : (1) ਟਰੱਸਟੀ-ਅੰਬੇਡਕਰ ਭਵਨ ਟਰੱਸਟ (ਰਜਿ.) ਜਲੰਧਰ, ਟਰੱਸਟੀ-ਬੁੱਧ ਵਿਹਾਰ ਸਿਧਾਰਥ ਨਗਰ, ਜਲੰਧਰ, ਟਰੱਸਟੀ-ਅੰਬੇਡਕਰ ਪੀਸ ਪਾਗੋਡਾ, ਨਜ਼ਦੀਕ ਫਿਲੌਰ, (2) ਮੈਂਬਰ—ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.), ਪੰਜਾਬ ਬੁੱਧਿਸਟ ਸੁਸਾਇਟੀ (ਰਜਿ.), ਸਮਤਾ ਸੈਨਿਕ ਦਲ, (3) ਸੰਸਥਾਪਕ : ਡਾ. ਅੰਬੇਡਕਰ ਵੀਕਰ ਸੈਕਸ਼ਨ ਵੈਲਫੇਅਰ ਸੁਸਾਇਟੀ ਅਤੇ ਦਲਿਤ ਲਿਖਾਰੀ ਸਭਾ।

**ਮਾਣ-ਸਨਮਾਣ** : ਸ਼੍ਰੀ ਹਰਮੇਸ਼ ਜੱਸਲ ਜੀ ਨੂੰ ਯੂ.ਕੇ. ਦੀ ਸੰਸਥਾ F.A.B.O. ਫ਼ੈਡਰੇਸ਼ਨ ਆਫ਼ ਅੰਬੇਡਕਰਾਈਟ ਐਂਡ ਬੁੱਧਿਸਟ ਆਰਗੇਨਾਈਜ਼ੇਸ਼ਨ ਵਲੋਂ ਸਾਲ 1993 ਵਿਚ ਮੁੰਬਈ ਦੇ ਮੇਅਰ ਸ਼੍ਰੀ ਚੰਦਰ ਕਾਂਤ ਹੰਡੋਰੇ ਜੀ ਨੇ ਜੋ ਹੁਣ ਰਾਜ ਸਭਾ ਮੈਂਬਰ ਹਨ, 'ਭੀਮ ਰਤਨ' ਦੀ ਉਪਾਧੀ ਨਾਲ ਸਨਮਾਨਿਤ ਕੀਤਾ।

-ਰਾਮ ਪਾਲ 'ਰਾਹੀ'
ਪ੍ਰਧਾਨ, ਫ਼ੈਡਰੇਸ਼ਨ ਆਫ਼ ਅੰਬੇਡਕਰਾਈਟ ਐਂਡ ਬੁੱਧਿਸਟ ਔਰਗੇਨਾਈਜ਼ੇਸ਼ਨਜ਼ (ਯੂ.ਕੇ.)

ਮਲਿੰਦ ਪ੍ਰਕਾਸ਼ਨ ਜਲੰਧਰ

ਇਸ ਕਿਤਾਬ ਦੇ ਪਹਿਲੇ ਭਾਗ ਵਿਚ 12 ਅਧਿਆਇ ਹਨ:

1. ਪੰਜਾਬ ਦਾ ਰਾਜਨੀਤਕ ਭੂਗੋਲ
2. ਤਥਾਗਤ ਬੁੱਧ ਦਾ ਪੰਜਾਬ ਆਗਮਨ
3. ਬੁੱਧ ਦੇ ਸਮਕਾਲੀਨ ਰਾਜੇ
4. ਸ਼ੂਦਰ ਸ਼ਕਤੀ ਦੇ ਪ੍ਰਤੀਕ ਨੰਦ ਰਾਜੇ
5. ਮੌਰੀਆ ਸਾਮਰਾਜ ਦਾ ਮੋਢੀ: ਚੰਦਰ ਗੁਪਤ
6. ਮੌਰੀਆ ਸਾਮਰਾਜ ਦਾ ਉੱਤਰਾਧਿਕਾਰੀ: ਬਿੰਦੂਸਾਰ
7. ਪ੍ਰਿਯਦਰਸ਼ੀ ਬੋਧੀ ਸਮਰਾਟ: ਅਸ਼ੋਕ ਮਹਾਨ
8. ਰਾਜਾ ਮਲਿੰਦ ਅਤੇ ਭਿਖਸ਼ੂ ਨਾਗਸੇਨ
9. ਕੁਸ਼ਾਨ ਰਾਜਾ ਕਨਿਸ਼ਕ
10. ਨਾਗ-ਸੰਸਕ੍ਰਿਤੀ ਅਤੇ ਨਾਗ ਰਾਜੇ
11. ਗੁਪਤ ਸਮਰਾਟ
12. ਮਹਾਰਾਜਾ ਹਰਸ਼ ਵਰਧਨ

ਭਾਗ ਦੋ ਜੋ ਕਿ ਪੁਰਾਤੱਤਵ ਅਧਾਰਤ ਹੈ, ਇਸ ਦੇ 3 ਅਧਿਆਇ ਹਨ:

1. ਸਿੰਧੂ ਘਾਟੀ ਸੱਭਿਅਤਾ: ਪੁਰਾਤੱਤਵੀ ਅਵਸ਼ੇਸ਼
2. ਬੁੱਧ ਧਰਮ ਅਤੇ ਪੰਜਾਬ ਪੁਰਾਤੱਤਵ

-- ਸੰਘੋਲ: ਇਕ ਇਤਿਹਾਸਕ ਅਤੇ ਪ੍ਰਮਾਣਿਕ ਬੋਧੀ ਕੇਂਦਰ
-- ਹਠੂਰ: ਅੱਠ ਵਾਰ ਉਜੜਨ ਵਾਲਾ ਸਥਾਨ
-- ਪ੍ਰਾਚੀਨ ਬੋਧੀ ਸ਼ਹਿਰ: ਜਲੰਧਰ ਦਾ ਇਤਿਹਾਸ
-- ਨਗਰ ਪਿੰਡ ਦਾ ਥੇਹ ਗੱਟੀ ਟਿੱਲਾ
-- ਨੂਰਮਹਿਲ ਦੀ ਸਰਾਂ ਉੱਤੇ ਬੋਧੀ ਕਲਾ ਦਾ ਪ੍ਰਭਾਵ
-- ਇਤਿਹਾਸਕ ਸ਼ਹਿਰ ਸੁਲਤਾਨ ਪੁਰ ਲੋਧੀ ਵਿਖੇ " ਤਾਮਸਵਣ ਬੋਧੀ ਕੇਂਦਰ"
-- ਸਫਰੋੜ ਨਾਗ ਮੰਦਿਰ: ਬੋਧੀ ਅਵਸ਼ੇਸ਼
-- ਡੁਮੇਲੀ: ਅਸ਼ੋਕ ਕਾਲ ਦੀਆਂ ਖੂਹੀਆਂ
-- ਢੋਲਬਾਹਾ: ਖੁਦਾਈ ਅਤੇ ਅਜਾਇਬ ਘਰ
-- ਜਹੂਰਾ ਥੇਹ: ਕੁਸ਼ਾਨ ਕਾਲ ਦੀਆਂ ਮੂਰਤੀਆਂ
-- ਅੰਮ੍ਰਿਤਸਰ: ਥੇਹ ਹਰਸ਼ਾ ਛੀਨਾ
-- ਬਟਾਲਾ: ਗੁਰਦੁਆਰਾ ਨਾਗੀਆਣਾ ਸਾਹਿਬ


ਹਰਮੇਸ਼ ਜੱਸਲ

-- ਤਰਨਤਾਰਨ ਦਾ ਕੋਟਲੀ ਬਸਾਵਾ ਸਿੰਘ ਥੇਹ: ਬੋਧੀਸੱਤਵ ਮੂਰਤੀ, ਸਤੂਪ ਤੇ ਸਿੱਕੇ
-- ਫਰੀਦਕੋਟ : ਘੋਲੀਆਂ ਪਿੰਡ ਤੋਂ ਮਿਲੀ ਬੁੱਧ ਦੀ ਕਾਠ ਦੀ ਮੂਰਤੀ
-- ਰਾਜਾ ਮਿਓਜ਼, ਮੋਗ ਅਤੇ ਮੋਗਾ
-- ਮੁਕਤਸਰ: ਸਰਾਇਨਾਗਾ ਅਰਥਾਤ ਨਾਗਾਂ ਦੀ ਸਰਾਂ
-- ਅਬੋਹਰ: ਹੜੱਪਾ ਕਾਲੀਨ ਮਿੱਟੀ ਦਾ ਕਿਲ੍ਹਾ
-- ਡੱਬਵਾਲੀ ਮੂਰਤੀ: ਜੈਨ ਕਿ ਬੁੱਧ
-- ਮਰਦਖੇੜਾ: ਪੰਜ ਹਜ਼ਾਰ ਸਾਲ ਪੁਰਾਣੀ ਸਿੰਧੂ ਘਾਟੀ ਸੱਭਿਅਤਾ
-- ਧਲੇਵਾਂ ਥੇਹ: ਤਿੰਨ ਸੱਭਿਆਤਾਵਾਂ ਦੇ ਅਵਸ਼ੇਸ਼
-- ਧੱਮੋ ਮਾਜਰਾ: ਹੜੱਪਾ ਕਾਲ ਦਾ ਕੇਂਦਰ
-- ਰੋਪੜ ਅਜਾਇਬ ਘਰ ਅਤੇ ਬਾੜਾ ਸੱਭਿਅਤਾ
-- ਛੱਤ ਬੀੜ : ਕੁਸ਼ਾਨ ਕਾਲ ਦੇ ਗੋਲ ਖੂਹ
-- ਪੰਜਾਬ ਦੇ ਥੇਹ: ਅਤੀਤ ਦਾ ਇਤਿਹਾਸ

ਅਧਿਆਇ 3
-- ਪ੍ਰਾਚੀਨ ਸਿੱਕੇ ਅਤੇ ਮੋਹਰਾਂ

ਅੱਗੇ ਅਧਿਆਇ ਵਾਰ ਸੰਖੇਪ ਅਤੇ ਵਿਸ਼ੇਸ਼ ਵਰਣਨ ਕੀਤਾ ਜਾਵੇਗਾ।.....

**ਚਲਦਾ**

for more news visit:
www.samajweekly.com

# ਨੇਤਰਹੀਣ ਪਰਬਤ ਅਰੋਹੀ ਲਈ ਟੋਰਾਂਟੋ ਯੂਨੀਵਰਸਿਟੀ ਨੇ ਤਿਆਰ ਕੀਤੀ ਖਾਸ ਤਕਨੀਕ ਵਾਲੀ ਜੈਕੇਟ

**ਵੈਨਕੂਵਰ, 26 ਮਈ (ਮਲਕੀਤ ਸਿੰਘ) –** ਮਾਊਂਟ ਐਵਰੈਸਟ ਸਰ ਕਰਨ ਦੀ ਤਿਆਰੀ ਕਰ ਰਹੀ ਨੇਤਰਹੀਣ ਅਤੇ ਸੁਣਨ ਸ਼ਕਤੀ ਤੋਂ ਅਸਮਰਥ ਹਿਮਤੀ ਪਰਬਤ ਅਰੋਹੀ ਕਰੋਲਿਨਾ ਪਾਕੇਨ-ਾਇਤੇ ਦੀ ਮਦਦ ਲਈ ਕੈਨੇਡਾ ਦੀ ਟੋਰਾਂਟੋ ਯੂਨੀਵਰਸਿਟੀ ਵੱਲੋਂ ਨਵੀਂ ਤਕਨੀਕ ਨਾਲ ਲੈਸ ਇੱਕ ਖ਼ਾਸ ਜੈਕੇਟ ਤਿਆਰ ਕੀਤੀ ਗਈ ਹੈ। ਇਹ ਜੈਕੇਟ ਪਹਾੜ ਚੜ੍ਹਾਈ ਦੌਰਾਨ ਉਸ ਨੂੰ ਰਸਤੇ ਅਤੇ ਦਿਸ਼ਾ ਸੰਬੰਧੀ ਸੰਕੇਤ ਦੇਣ ਵਿੱਚ ਮਦਦ ਕਰੇਗੀ।

ਪ੍ਰਾਪਤ ਜਾਣਕਾਰੀ ਅਨੁਸਾਰ ਲਿਥੁਆਨੀਆ ਦੇਸ਼ ਨਾਲ ਸੰਬੰਧਿਤ ਕਰੋਲਿਨਾ ਪਾਕੇਨ-ਾਇਤੇ ਜਨਮ ਤੋਂ ਸੁਣ



ਨਹੀਂ ਸਕਦੀ, ਜਦਕਿ ਬਾਅਦ ਵਿੱਚ ਉਸਦੀ ਨਜ਼ਰ ਵੀ ਕਾਫ਼ੀ ਘੱਟ ਹੋ ਗਈ। ਇਨ੍ਹਾਂ ਸਾਰੀਆਂ ਚੁਣੌਤੀਆਂ ਦੇ ਬਾਵਜੂਦ ਉਸਨੇ ਦੁਨੀਆ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੈਸਟ ‘ਤੇ ਚੜ੍ਹਨ ਦਾ ਸੁਪਨਾ ਪੂਰਾ ਕਰਨ ਦਾ ਤਹੱਈਆ ਕੀਤਾ ਹੋਇਆ ਹੈ।

ਟੋਰਾਂਟੋ ਯੂਨੀਵਰਸਿਟੀ ਦੇ ਖੋਜਕਾਰਾਂ ਵੱਲੋਂ ਤਿਆਰ ਕੀਤੀ ਗਈ ਇਹ ਵਿਸ਼ੇਸ਼ ਜੈਕੇਟ ਸਰੀਰ ‘ਤੇ ਕੰਪਨ ਰਾਹੀਂ ਸੰਕੇਤ ਦੇਵੇਗੀ। ਇਸ ਰਾਹੀਂ ਪਰਬਤ ਅਰੋਹੀ ਨੂੰ ਅੱਗੇ ਵਧਣ, ਰੁਕਣ, ਖੱਬੇ ਜਾਂ ਸੱਜੇ ਮੁੜਨ ਵਰਗੇ ਸੰਕੇਤ ਮਹਿਸੂਸ ਹੋਣਗੇ। ਐਵਰੈਸਟ ਵਰਗੀ ਮੁਸ਼ਕਲ ਚੜ੍ਹਾਈ ਦੌਰਾਨ ਇਹ ਤਕਨੀਕ ਉਸ ਲਈ ਕਾਫ਼ੀ ਸਹਾਇਕ ਸਾਬਤ ਹੋ ਸਕਦੀ ਹੈ।

ਕਰੋਲਿਨਾ ਪਹਿਲਾਂ ਵੀ ਐਵਰੈਸਟ ਬੇਸ ਕੈਂਪ ਤੱਕ ਪਹੁੰਚ ਚੁੱਕੀ ਹੈ ਅਤੇ ਹੁਣ ਉਹ ਚੋਟੀ ਤੱਕ ਪਹੁੰਚਣ ਲਈ ਤਿਆਰੀ ਕਰ ਰਹੀ ਹੈ। ਉਸ ਦਾ ਕਹਿਣਾ ਹੈ ਕਿ ਉਸਦੀ ਇਹ ਮੁਹਿੰਮ ਦੁਨੀਆ ਭਰ ਦੇ ਦਿਵਿਆਂਗ ਲੋਕਾਂ ਲਈ ਪ੍ਰੇਰਣਾ ਬਣ ਸਕਦੀ ਹੈ।ਜੇਕਰ ਉਹ ਇਸ ਮੁਹਿੰਮ ਵਿੱਚ ਕਾਮਯਾਬ ਰਹਿੰਦੀ ਹੈ ਤਾਂ ਉਹ ਮਾਊਂਟ ਐਵਰੈਸਟ ਸਰ ਕਰਨ ਵਾਲੀ ਦੁਨੀਆ ਦੀ ਪਹਿਲੀ ਨੇਤਰਹੀਣ ਅਤੇ ਬਹਿਰੀ ਮਹਿਲਾ ਬਣ ਸਕਦੀ ਹੈ।

**ਕਰੋਲੀਨਾ ਪਾਕੇਨਾਈਤੇ ਦੀ ਇੱਕ ਤਸਵੀਰ**

# ਰਿੱਛ ਦੇ ਹਮਲੇ ਚ ਮਾਰੇ ਗਏ ਭਾਰਤੀ ਨੌਜਵਾਨ ਦੀ ਹੋਈ ਸ਼ਨਾਖਤ

**ਵੈਨਕੂਵਰ, 27 ਮਈ (ਮਲਕੀਤ ਸਿੰਘ)** – ਕੈਨੇਡਾ ਦੇ ਸਸਕੈਚਵਨ ਸੂਬੇ ਦੇ ਉੱਤਰੀ ਇਲਾਕੇ ਵਿੱਚ ਰਿੱਛ ਦੇ ਹਮਲੇ ਦੌਰਾਨ ਮਾਰੇ ਗਏ ਨੌਜਵਾਨ ਦੀ ਪਹਿਚਾਣ ਭਾਰਤ ਨਾਲ ਸੰਬੰਧਿਤ 27 ਸਾਲਾ ਰਿਸ਼ਿਕੇਸ਼ ਕੋਲੋਥ ਵਜੋਂ ਹੋਈ ਹੈ। ਇਸ ਦੁਖਦਾਈ ਘਟਨਾ ਮਗਰੋਂ ਭਾਰਤੀ ਭਾਈਚਾਰੇ ਅਤੇ ਖੇਡ ਜਗਤ ਵਿੱਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਰਿਸ਼ਿਕੇਸ਼ ਕੋਲੋਥ ਮਿਲੀ-ਜੁਲੀ ਮਾਰਸ਼ਲ ਆਰਟ ਦਾ ਖਿਡਾਰੀ ਸੀ ਅਤੇ ਕੈਨੇਡਾ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਆਇਆ ਹੋਇਆ ਸੀ। ਉਸਦੇ ਪਰਿਵਾਰਕ ਮੈਂਬਰਾਂ ਮੁਤਾਬਕ ਉਹ ਪੇਸ਼ੇਵਰ ਲੜਾਕਾ ਬਣਨ ਦਾ ਸੁਪਨਾ ਲੈ ਕੇ ਕੈਨੇਡਾ ਪਹੁੰਚਿਆ ਸੀ।

ਉਸਦੇ ਭਰਾ ਨੇ ਭਾਵੁਕ ਹੋ ਕੇ ਦੱਸਿਆ ਕਿ ਰਿਸ਼ਿਕੇਸ਼ ਦਾ ਦਿਲ ਬਹੁਤ ਨਿਰਮਲ ਸੀ ਅਤੇ ਉਸਦੇ ਅੰਦਰ ਇੱਕ ਯੋਧੇ ਵਾਲਾ ਜਜ਼ਬਾ ਸੀ। ਪਰਿਵਾਰ ਦਾ ਕਹਿਣਾ ਹੈ ਕਿ ਉਹ ਮਿਹਨਤੀ, ਨਿਮਰ ਸੁਭਾਉ ਵਾਲਾ ਅਤੇ ਆਪਣੇ ਟੀਚੇ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਨੌਜਵਾਨ ਸੀ। ਦੱਸਿਆ ਜਾ ਰਿਹਾ ਹੈ ਕਿ ਇਹ ਹਮਲਾ 8 ਮਈ ਨੂੰ ਉੱਤਰੀ ਸਸਕੈਚਵਨ ਵਿੱਚ ਵਾਪਰਿਆ ਸੀ। ਰਿਸ਼ਿਕੇਸ਼ ਦੀ ਮੌਤ ਦੀ ਖ਼ਬਰ ਸਾਹਮਣੇ ਆਉਣ ਮਗਰੋਂ ਉਸਦੇ ਦੋਸਤਾਂ, ਖੇਡ ਪ੍ਰੇਮੀਆਂ ਅਤੇ ਭਾਰਤੀ ਭਾਈਚਾਰੇ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ।



**ਕੈਨੇਡਾ ਵਿੱਚ ਰਿੱਛ ਦੇ ਹਮਲੇ ਵਿੱਚ ਮਾਰੇ ਗਏ ਭਾਰਤੀ ਮੂਲ ਦੇ ਨੌਜਵਾਨ ਰਿਸ਼ਿਕੇਸ਼ ਕੋਲੋਥ ਦੀ ਤਸਵੀਰ।**

# ਜੰਗਲੀ ਜੀਵ ਸੈਂਚੂਰੀ ਵਿੱਚ ਸ਼ੇਰ ਰੱਖਣ ਸਬੰਧੀ ਨੇੜਲੇ ਲੋਕਾਂ ਨੇ ਜਤਾਈ ਚਿੰਤਾ

**ਵੈਨਕੂਵਰ, 27 ਮਈ (ਮਲਕੀਤ ਸਿੰਘ) –** ਕੈਨੇਡਾ ਦੇ ਓਨਟਾਰੀਓ ਸੂਬੇ ਦੇ ਪੈਰੀ ਸਾਊਂਡ ਇਲਾਕੇ ਨੇੜੇ ਸਥਿਤ ਇੱਕ ਜੰਗਲੀ ਜੀਵ ਸੈਂਚੂਰੀ ਵਿੱਚ ਵੱਡੇ ਵਿਦੇਸ਼ੀ ਜਾਨਵਰ ਰੱਖੇ ਜਾਣ ਨੂੰ ਲੈ ਕੇ ਸਥਾਨਕ ਲੋਕਾਂ ਅਤੇ ਸੈਂਚੂਰੀ ਪ੍ਰਬੰਧਕਾਂ ਵਿਚਕਾਰ ਵਿਵਾਦ ਖੜ੍ਹਾ ਹੋ ਗਿਆ ਹੈ। ਇਹ ਮਾਮਲਾ ਉਸ ਵੇਲੇ ਚਰਚਾ ਵਿੱਚ ਆਇਆ ਜਦੋਂ ਐਸਪਨ ਵੈਲੀ ਵਾਇਲਡਲਾਈਫ ਸੈਂਚੂਰੀ ਨੇ ਪਿਛਲੇ ਸਾਲ ਕਿਊਬੈਕ ਦੇ ਇੱਕ ਚਿੜੀਆਘਰ ਤੋਂ ਬਚਾਏ ਗਏ ਅਫਰੀਕੀ ਸ਼ੇਰਾਂ ਨੂੰ ਛੇ ਮਹੀਨੇ ਲਈ ਆਪਣੇ ਕੋਲ ਰੱਖਣ ਦਾ ਫੈਸਲਾ ਲਿਆ ਜਾਣਕਾਰੀ ਅਨੁਸਾਰ ਸੈਂਚੂਰੀ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਸ਼ੇਰਾਂ ਨੂੰ ਬਚਾਅ ਕਾਰਵਾਈ ਦੇ ਤਹਿਤ ਅਸਥਾਈ ਤੌਰ ’ਤੇ ਇੱਥੇ ਲਿਆਂਦਾ ਗਿਆ ਸੀ ਅਤੇ ਉਨ੍ਹਾਂ ਦੀ ਪੂਰੀ ਸੁਰੱਖਿਆ ਅਤੇ ਦੇਖਭਾਲ ਕੀਤੀ ਗਈ।

ਦੂਜੇ ਪਾਸੇ ਨੇੜਲੇ ਇਲਾਕੇ ਦੇ ਵਸਨੀਕਾਂ ਨੇ ਇਸ ’ਤੇ ਚਿੰਤਾ ਜਤਾਈ ਹੈ ਕਿ ਰਿਹਾਇਸ਼ੀ ਇਲਾਕੇ ਦੇ ਕੋਲ ਇੰਨੇ ਵੱਡੇ ਅਤੇ ਖ਼ਤਰਨਾਕ ਜਾਨਵਰਾਂ ਦੀ ਮੌਜੂਦਗੀ ਡਰ ਦਾ ਕਾਰਨ ਬਣ ਸਕਦੀ ਹੈ।



ਕੁਝ ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਜੰਗਲਾਂ ਅਤੇ ਕਾਟੇਜਾਂ ਵਾਲੇ ਇਲਾਕੇ ਵਿੱਚ ਸ਼ੇਰਾਂ ਦੀ ਦਹਾੜ ਸੁਣਨਾ ਉਨ੍ਹਾਂ ਲਈ ਅਸਧਾਰਨ ਅਤੇ ਚਿੰਤਾਜਨਕ ਤਜਰਬਾ ਸੀ। ਹਾਲਾਂਕਿ ਸੈਂਚੂਰੀ ਵੱਲੋਂ ਕਿਹਾ ਗਿਆ ਹੈ ਕਿ ਜਾਨਵਰਾਂ ਨੂੰ ਮਜ਼ਬੂਤ ਘੇਰਾਬੰਦੀ ਵਾਲੇ ਸੁਰੱਖਿਅਤ ਪਿੰਜਰਿਆਂ ਵਿੱਚ ਰੱਖਿਆ ਗਿਆ ਸੀ ਅਤੇ ਆਮ ਲੋਕਾਂ ਲਈ ਕਿਸੇ ਤਰ੍ਹਾਂ ਦਾ ਕੋਈ ਖ਼ਤਰਾ ਨਹੀਂ ਸੀ। ਇਸ ਮਾਮਲੇ ਤੋਂ ਬਾਅਦ ਜੰਗਲੀ ਜੀਵ ਸੁਰੱਖਿਆ, ਜਾਨਵਰਾਂ ਦੇ ਬਚਾਅ ਅਤੇ ਸਥਾਨਕ ਲੋਕਾਂ ਦੀ ਸੁਰੱਖਿਆ ਵਿਚਕਾਰ ਸੰਤੁਲਨ ਬਣਾਈ ਰੱਖਣ ਨੂੰ ਲੈ ਕੇ ਨਵੀਂ ਚਰਚਾ ਸ਼ੁਰੂ ਹੋ ਗਈ ਹੈ। ਸਥਾਨਕ ਪ੍ਰਸ਼ਾਸਨ ਵੀ ਸਥਿਤੀ ’ਤੇ ਨਜ਼ਰ ਬਣਾਈ ਹੋਈ ਹੈ।

# ਨਵੀਂ ਤਕਨਾਲੋਜੀ ਨਾਲ ਨੇਤਰਹੀਣ ਬੱਚੇ ਵੀ ਛੂਹ ਕੇ ਇੰਜੋਏ ਕਰ ਸਕਣਗੇ ਖੇਡਾਂ

**ਵੈਨਕੂਵਰ, 27 ਮਈ (ਮਲਕੀਤ ਸਿੰਘ) –** ਕੈਨੇਡਾ ਵਿੱਚ ਇਜਾਦ ਹੋਈ ਨਵੀਂ ਤਕਨਾਲੋਜੀ ਨਾਲ ਅੰਸ਼ਕ ਤੌਰ ’ਤੇ ਨੇਤਰਹੀਣ ਬੱਚੇ ਵੀ ਖੇਡਾਂ ਦਾ ਇੰਜੋਏ ਕਰ ਸਕਣਗੇ ਇੱਕ ਖਾਸ ਡਿਵਾਈਸ ਦੀ ਮਦਦ ਨਾਲ 10 ਸਾਲਾ ਬੱਚਾ ਹੁਣ ਖੇਡ ਨੂੰ ਅੱਖਾਂ ਨਾਲ ਨਹੀਂ, ਸਗੋਂ ਆਪਣੇ ਹੱਥਾਂ ਦੇ ਛੂਹ ਰਾਹੀਂ ਮਹਿਸੂਸ ਕਰਕੇ ਸਮਝ ਸਕਦਾ ਹੈ।ਜਾਣਕਾਰੀ ਅਨੁਸਾਰ ਟੇਟਨ ਵੇਕਫੀਲਡ ਨਾਂ ਦਾ ਇਹ ਬੱਚਾ ਜਨਮ ਤੋਂ ਹੀ ਅੰਸ਼ਕ ਤੌਰ ’ਤੇ ਨੇਤਰਹੀਣ ਹੈ, ਜਿਸ ਕਾਰਨ ਖੇਡ ਮੁਕਾਬਲੇ ਦੇਖਣ ਦੌਰਾਨ ਉਸਨੂੰ ਕਾਫ਼ੀ ਮੁਸ਼ਕਲ ਆਉਂਦੀ ਸੀ। ਹੁਣ ‘ਵਨਕੋਰਟ’ ਨਾਮੀ ਨਵੀਂ ਡਿਵਾਈਸ ਨੇ ਉਸ ਲਈ ਇਹ ਤਜਰਬਾ ਬਦਲ ਦਿੱਤਾ ਹੈ।

ਇਸ ਡਿਵਾਈਸ ’ਤੇ ਮੈਦਾਨ ਦੀ ਆਕ੍ਰਿਤੀ ਉਭਰੀ ਹੋਈ ਹੁੰਦੀ ਹੈ ਅਤੇ ਖੇਡ ਦੌਰਾਨ ਗੇਂਦ ਦੀ ਹਿਲਚਲ ਕੰਪਨ ਜਾਂ ਛੂਹ ਰਾਹੀਂ ਹੱਥਾਂ ਤੱਕ ਪਹੁੰਚਦੀ ਹੈ। ਇਸ ਤਰ੍ਹਾਂ ਬੱਚਾ ਆਪਣੀਆਂ ਉਂਗਲਾਂ ਨਾਲ ਖੇਡ ਦੀ ਚਾਲ ਨੂੰ ਮਹਿਸੂਸ ਕਰ ਸਕਦਾ ਹੈ ਅਤੇ ਸਮਝ ਸਕਦਾ ਹੈ ਕਿ ਮੈਦਾਨ ਵਿੱਚ ਕੀ ਹੋ ਰਿਹਾ ਹੈ।



**ਨਵੀਂ ਟੈਕਨੋਲਜੀ ਰਾਹੀਂ ਖੇਡ ਰਿਹਾ ਬੱਚਾ।**

ਪਰਿਵਾਰ ਦਾ ਕਹਿਣਾ ਹੈ ਕਿ ਇਸ ਤਕਨਾਲੋਜੀ ਨੇ ਬੱਚੇ ਲਈ ਖੇਡਾਂ ਦੇਖਣ ਦਾ ਪੂਰਾ ਤਜਰਬਾ ਹੀ ਬਦਲ ਦਿੱਤਾ ਹੈ। ਹੁਣ ਉਹ ਪਹਿਲਾਂ ਨਾਲੋਂ ਵੱਧ ਉਤਸ਼ਾਹ ਨਾਲ ਖੇਡਾਂ ਨਾਲ ਜੁੜ ਸਕਦਾ ਹੈ ਅਤੇ ਆਪਣੇ ਮਨਪਸੰਦ ਮੁਕਾਬਲਿਆਂ ਦਾ ਆਨੰਦ ਲੈ ਸਕਦਾ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਇਸ ਤਰ੍ਹਾਂ ਦੀ ਤਕਨਾਲੋਜੀ ਭਵਿੱਖ ਵਿੱਚ ਨੇਤਰਹੀਣ ਅਤੇ ਘੱਟ ਨਜ਼ਰ ਵਾਲੇ ਲੋਕਾਂ ਲਈ ਖੇਡਾਂ ਅਤੇ ਹੋਰ ਸਮਾਗਮਾਂ ਨੂੰ ਹੋਰ ਵੀ ਪਹੁੰਚਯੋਗ ਬਣਾ ਸਕਦੀ ਹੈ।

# ਮਿੰਨੀ ਕਹਾਣੀ /ਅਲਕੋਹਲ ਫਰੀ ਟੂਰ

ਕਸ਼ਮੀਰ ਦੀਆਂ ਫ਼ਿਜ਼ਾਵਾਂ ਵਿੱਚ ਸਾਹ ਲੈਣਾ ਹੀ ਇੱਕ ਨਸ਼ਾ ਹੈ। ਗੁਰੇਜ਼ ਵੱਲ ਜਾਂਦਾ ਰਸਤਾ ਜਿੰਨਾ ਦਿਲਕਸ਼ ਸੀ, ਸਾਡਾ ਮਨ ਉਨਾ ਹੀ ਹਲਕਾ ਸੀ। ਇਸ ਵਾਰ ਅਸੀਂ ਦੋਸਤਾਂ ਨੇ ਸਾਂਝਾ ਮਤਾ ਪਾਸ ਕੀਤਾ ਸੀ ਕਿ ਐਤਕੀਂ ਦਾ ਟੂਰ 'ਅਲਕੋਹਲ ਫਰੀ' ਰਹੇਗਾ। ਸਭ ਤੋਂ ਵੱਡੀ ਹੈਰਾਨੀ ਉਦੋਂ ਹੋਈ ਜਦੋਂ ਸਾਡਾ ਮਿੱਤਰ ਪ੍ਰੋਫੈਸਰ ਗੁਰਦੀਪ, ਜਿਸ ਦੀ ਸਵੇਰ ਚਾਹ ਨਾਲ ਨਹੀਂ, ਪੈੱਗ ਨਾਲ ਹੁੰਦੀ ਸੀ, ਬਿਨਾਂ ਕਿਸੇ ਨੁਕਤਾਚੀਨੀ ਦੇ ਝੱਟ ਇਸ ਟੂਰ ਤੇ ਰਾਜ਼ੀ ਹੋ ਗਿਆ। ਅਸੀਂ ਸੋਚਿਆ, ਸ਼ਾਇਦ ਬਰਫੀਲੀਆਂ ਵਾਦੀਆਂ ਦੇ ਤਸੱਵਰ ਨੇ ਪ੍ਰੋਫੈਸਰ ਦੇ ਅੰਦਰੂਨੀ ਸੇਕ ਨੂੰ ਪਹਿਲਾਂ ਹੀ ਠੰਢਾ ਕਰ ਦਿੱਤਾ ਹੈ।

ਬਾਂਦੀਪੋਰਾ ਦੀਆਂ ਵ਼ਲੇਵੇਂਦਾਰ ਸੜਕਾਂ ਪਾਰ ਕਰਕੇ ਜਦੋਂ ਸਾਡੀ ਗੱਡੀ ਗੁਰੇਜ਼ ਦੇ 'ਡਾਬਰ' ਪਹੁੰਚੀ, ਤਾਂ ਕੁਦਰਤ ਦੇ ਨਜ਼ਾਰੇ ਵੇਖ ਕੇ ਸਾਡੇ ਮੂੰਹੋਂ 'ਵਾਹ' ਨਿਕਲੀ ਪਰ ਪ੍ਰੋਫੈਸਰ ਦੇ ਮੂੰਹੋਂ 'ਆਹ'। ਉਹ ਅਚਾਨਕ ਗੱਡੀ ਦੇ ਬੋਨਟ ਕੋਲ ਜਾ ਬੈਠਾ, ਜਿਵੇਂ ਕਿਸੇ ਡੂੰਘੇ ਸਦਮੇ ਨੇ ਲੱਤਾਂ ਦਾ ਜ਼ੋਰ ਖਿੱਚ ਲਿਆ ਹੋਵੇ।

"ਓਏ ਪ੍ਰੋਫੈਸਰ, ਕੀ ਹੋਇਆ? ਤਬੀਅਤ ਤਾਂ ਠੀਕ ਹੈ?" ਮੈਂ ਫ਼ਿਕਰ ਨਾਲ ਪੁੱਛਿਆ।

"ਤਬੀਅਤ ਦੀ ਐਸੀ ਦੀ ਤੈਸੀ! ਪਹਿਲਾਂ ਇਹ ਦੱਸੋ ਕਿ ਇੱਥੇ 'ਸਮਾਨ ਦਾ ਬੰਦੋਬਸਤ' ਕਿੱਥੇ ਐ?" ਪ੍ਰੋਫੈਸਰ ਦੀਆਂ ਅੱਖਾਂ ਵਿੱਚ ਡੋਬੇ ਪੈ ਰਹੇ ਸਨ।

"ਕਿਹੜਾ ਸਮਾਨ? ਤੇ ਕਿਹੜਾ ਬੰਦੋਬਸਤ?" ਮੈਂ ਹੈਰਾਨੀ ਨਾਲ ਕਿਹਾ। "ਪ੍ਰੋਫੈਸਰ, ਤੈਨੂੰ ਯਾਦ ਨਹੀਂ? ਸ਼ਰਤ ਸੀ ਕਿ ਟੂਰ 'ਅਲਕੋਹਲ ਫਰੀ' ਹੋਵੇਗਾ। ਤੂੰ ਆਪ ਹਾਮੀ ਭਰੀ ਸੀ!"

ਪ੍ਰੋਫੈਸਰ ਨੇ ਮੇਰੇ ਵੱਲ ਇੰਝ ਵੇਖਿਆ ਜਿਵੇਂ ਮੈਂ ਕੋਈ ਬਹੁਤ ਵੱਡਾ ਗੁਨਾਹ ਕਰ ਦਿੱਤਾ ਹੋਵੇ। ਉਸ ਨੇ ਆਪਣਾ ਝੋਲਾ ਮੋਢੇ ਤੋਂ ਲਾਹ ਕੇ ਧੂਹ ਕੇ ਜ਼ਮੀਨ 'ਤੇ ਮਾਰਿਆ ਅਤੇ ਦਾਰਸ਼ਨਿਕ ਅੰਦਾਜ਼ ਵਿੱਚ ਵਿਅੰਗ ਦਾ ਤੀਰ ਛੱਡਿਆ:

"ਖ਼ੁਦਾ ਦੇ ਬੰਦਿਓ! ਜੇ ਟੂਰ 'ਅਲਕੋਹਲ ਫਰੀ' ਸੀ, ਤਾਂ ਹੀ ਤਾਂ ਮੈਂ ਤਿਆਰ ਹੋਇਆ ਸੀ! ਮੈਂ ਤਾਂ ਖੁਸ਼ ਸੀ ਕਿ ਸਾਰੀ ਉਮਰ ਪੱਲਿਓਂ ਪੈਸੇ ਖਰਚ ਕੇ ਪੀਤੀ ਹੈ, ਇਸ ਵਾਰ ਦੋਸਤਾਂ ਵੱਲੋਂ 'ਫਰੀ' ਮਿਲੇਗੀ! ਮੈਨੂੰ ਕੀ ਪਤਾ ਸੀ ਕਿ ਤੁਹਾਡੀ ਅੰਗਰੇਜ਼ੀ ਮੇਰੀ ਪਿਆਸ ਬੁਝਾਉਣ ਦੀ ਬਜਾਏ ਮੇਰਾ ਗਲਾ ਹੀ ਸੁਕਾ ਦੇਵੇਗੀ!"

ਅਸੀਂ ਸਾਰੇ ਹੱਕੇ-ਬੱਕੇ ਰਹਿ ਗਏ।

ਸਾਡੇ ਸਾਰਿਆਂ ਦੇ ਹਾਸੇ ਗੁਰੇਜ਼ ਦੀਆਂ ਪਹਾੜੀਆਂ ਵਿੱਚ ਗੂੰਜ ਉੱਠੇ। ਪ੍ਰੋਫੈਸਰ ਦੀ 'ਅਲਕੋਹਲ ਫਰੀ' ਦੀ ਇਸ ਵਿਲੱਖਣ ਪਰਿਭਾਸ਼ਾ ਨੇ ਸਾਡੇ 'ਨਸ਼ਾ-ਮੁਕਤ' ਟੂਰ ਦੇ ਇਰਾਦਿਆਂ ਨੂੰ ਪਲ ਭਰ ਵਿੱਚ ਹੀ ਤਾਰ-ਤਾਰ ਕਰ ਦਿੱਤਾ ਸੀ।

**ਨਵਦੀਪ ਸਿੰਘ ਭੁਨੀਰ**
**ਂਓਵਦਏਪ ਝਹੁਨਿਰ**
**+919876968193**



# ਮਰਹੂਮ ਮਾਨਯੋਗ ਰਾਮਪਾਲ 'ਰਾਹੀ' - ਜੀਵਨ ਅਤੇ ਸੰਦੇਸ਼

**ਸਮਾਜ ਵੀਕਲੀ ਯੂ ਕੇ**

ਪ੍ਰਸਿੱਧ ਲੇਖਕ 'ਸੁਰਜੀਤ ਪਾਤਰ' ਜੀ ਨੇ ਕਿੰਨਾ ਸੱਚ ਕਿਹਾ ਜਦੋਂ ਮਿਲਿਆ ਸੀ ਹਾਣ ਦਾ ਸੀ ਸਾਂਵਰਾ ਜਿਹਾ, ਜਦੋਂ ਜੁਦਾ ਹੋਇਆ ਤੁਰ ਗਿਆ ਖ਼ੁਦਾ ਬਣ ਕੇ।

ਮਾ. ਰਾਮਪਾਲ 'ਰਾਹੀ' ਜੀ ਦੇ ਅਚਾਨਕ ਸਦੀਵੀ ਵਿਛੋੜੇ ਨਾਲ ਜਿੱਥੇ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ, ਉੱਥੇ ਅੰਬੇਡਕਰੀ ਅਤੇ ਬੋਧੀ ਸਮਾਜ ਦਾ ਇਕ ਹੀਰਾ ਸਾਡੇ ਖਜ਼ਾਨੇ 'ਚੋਂ ਘੱਟ ਗਿਆ। ਰਾਹੀ ਜੀ ਨੇ ਮਾ. ਚਾਨਣ ਚਾਹਲ ਦੇ ਪਦ-ਚਿਨ੍ਹਾਂ ਉੱਤੇ ਚੱਲਦੇ ਹੋਏ, ਡਾ. ਅੰਬੇਡਕਰ ਅਤੇ ਤਥਾਗਤ ਬੁੱਧ ਦੀ ਵਿਚਾਰਧਾਰਾ ਦੇ ਪ੍ਰਚਾਰ-ਪ੍ਰਸਾਰ 'ਚ ਵੱਡਮੁੱਲਾ ਯੋਗਦਾਨ ਪਾ ਕੇ, ਇਕ ਅਜਿਹਾ ਰੁਤਬਾ ਹਾਸਿਲ ਕਰ ਲਿਆ ਸੀ, ਜਿੱਥੇ ਲਗਨ, ਦਾਨ, ਤਿਆਗ ਅਤੇ ਸਮਰਪਣ ਦੀ ਭਾਵਨਾ ਤੋਂ ਬਿਨਾਂ ਪਹੁੰਚਣਾ ਔਖਾ। ਤਥਾਗਤ ਬੁੱਧ ਦੇ ਕਥਨ ਅਨੁਸਾਰ ਉਹ ਮਨੁੱਖ ਦੀ ਚੌਥੀ ਸ਼੍ਰੇਣੀ ਦਾ ਰੁਤਬਾ ਹਾਸਲ ਕਰ ਚੁੱਕੇ ਸਨ। ਬੁੱਧ ਕਹਿੰਦੇ ਹਨ ਕਿ ਦੁਨੀਆਂ 'ਚ 4 ਕਿਸਮ ਦੇ ਲੋਕ ਹਨ, ਜੋ ਆਪਣੇ ਕਰਮਾਂ ਕਰਕੇ ਰੁਤਬੇ ਦੇ ਅਧਿਕਾਰੀ ਬਣਦੇ ਹਨ। ਉਹ ਕਹਿੰਦੇ ਹਨ ਕਿ ''ਪਹਿਲੀ ਸ਼੍ਰੇਣੀ ਦੇ ਉਹ ਲੋਕ ਹਨ ਜੋ ਆਪਣੀ ਭਲਾਈ ਤਾਂ ਕਰਦੇ ਹਨ ਪਰ ਦੂਜਿਆਂ ਦੀ ਨਹੀਂ। ਦੂਜੀ ਸ਼੍ਰੇਣੀ ਦੇ ਉਹ ਲੋਕ ਹਨ ਜੋ ਦੂਜਿਆਂ ਦੀ ਭਲਾਈ ਕਰਦੇ ਹਨ ਪਰ ਆਪਣੀ ਨਹੀਂ। ਤੀਜੀ ਸ਼੍ਰੇਣੀ ਦੇ ਉਹ ਲੋਕ ਹਨ ਜੋ ਨਾ ਤਾਂ ਆਪਣੀ ਭਲਾਈ ਕਰਦੇ ਹਨ ਨਾ ਹੀ ਦੂਜਿਆਂ ਦੀ ਭਲਾਈ ਕਰਦੇ ਹਨ। ਚੌਥੀ ਸ਼੍ਰੇਣੀ ਦੇ ਉਹ ਲੋਕ ਹਨ ਜੋ ਆਪਣੀ ਭਲਾਈ ਵੀ ਕਰਦੇ ਹਨ ਅਤੇ ਦੂਜਿਆਂ ਦੀ ਭਲਾਈ ਵੀ ਕਰਦੇ ਹਨ। ਚੌਥੀ ਸ਼੍ਰੇਣੀ ਦੇ ਵਿਅਕਤੀਆਂ ਨੂੰ ਨਿਆਂਕਾਰੀ ਅਤੇ ਉੱਤਮ ਮੰਨਿਆ ਜਾਂਦਾ।'' ਰਾਹੀ ਜੀ ਨੇ ਆਪਣੇ ਪਰਿਵਾਰ ਦੀ ਭਲਾਈ ਕੀਤੀ ਅਤੇ ਸਮਾਜ ਦੀ ਭਲਾਈ ਕਰਕੇ 'ਉੱਤਮ-ਸ਼੍ਰੇਣੀ' ਦੇ ਵਿਅਕਤੀ ਦਾ ਦਰਜਾ ਪ੍ਰਾਪਤ ਕਰ ਲਿਆ ਸੀ। ਇਸ ਲਈ ਉਨ੍ਹਾਂ ਦੇ ਜੀਵਨ ਅਤੇ ਉਦੇਸ਼ ਨੂੰ ਜਾਨਣਾ, ਪ੍ਰੇਰਣਾ ਦਾਇਕ ਹੋਵੇਗਾ :

ਜਨਮ : ਰਾਮਪਾਲ 'ਰਾਹੀ' ਜੀ ਦਾ ਜਨਮ 25 ਜਨਵਰੀ, 1954 ਨੂੰ ਪਿਤਾ ਸੂਬੇਦਾਰ ਚਰਨਦਾਸ ਅਤੇ ਮਾਤਾ ਕ੍ਰਿਸ਼ਨਾ ਦੇਵੀ ਦੇ ਘਰ ਪਿੰਡ ਚੱਕ ਬਿਲਗਾ ਵਿਖੇ ਹੋਇਆ। ਉਨ੍ਹਾਂ ਦੇ ਆਪਣੇ ਪਰਿਵਾਰ 'ਚ ਪਤਨੀ ਰਮਲਾ ਰਾਹੀ, ਬੇਟੀ ਰੇਨੂ, ਪੁੱਤਰ—ਸੰਦੀਪ ਸੁੰਡਾ ਤੇ ਰਾਹੁਲ ਸੁੰਡਾ ਸ਼ਾਮਲ ਹਨ। ਮੇਰੀ ਪਹਿਲੀ ਮੁਲਾਕਾਤ ਉਨ੍ਹਾਂ ਦੇ ਪਿੰਡ ਚੱਕ ਬਿਲਗਾ ਵਿਖੇ ਹੀ ਹੋਈ ਸੀ, ਜਦੋਂ ਉਨ੍ਹਾਂ ਨੇ ਇੰਗਲੈਂਡ ਤੋਂ ਆ ਕੇ ਘਰ 'ਚ ਇਕ ਸਮਾਗਮ ਰੱਖਿਆ ਸੀ।

ਸਿੱਖਿਆ : ਪਰਿਵਾਰ ਫੌਜੀ ਪਿਛੋਕੜ ਦਾ ਹੋਣ ਕਾਰਨ ਬਦਲੀਆਂ ਹੋਣ ਕਰਕੇ ਰਾਮਪਾਲ 'ਰਾਹੀ' ਨੇ ਪੂਨੇ (ਮਹਾਂਰਾਸ਼ਟਰ) 'ਚ ਸਿੱਖਿਆ ਪ੍ਰਾਪਤ ਕੀਤੀ। ਇਸ ਲਈ ਉਨ੍ਹਾਂ ਨੂੰ ਮਰਾਠੀ ਅਤੇ ਗੁਜਰਾਤੀ ਦਾ ਗਿਆਨ ਸੀ। ਗੁਰੂ ਨਾਨਕ ਦੇਵ ਯੂਨੀ-ਵਰਸਿਟੀ ਤੋਂ ਉਨ੍ਹਾਂ ਨੇ ਅੰਗ੍ਰੇਜ਼ੀ, ਇਤਿਹਾਸ, ਰਾਜਨੀਤੀ ਸ਼ਾਸਤਰ 'ਚ ਡਿਗਰੀ ਪ੍ਰਾਪਤ ਕੀਤੀ ਅਤੇ ਐੱਨ. ਸੀ.ਸੀ. ਕੇਡਰ ਦੀ ਸਿਖਲਾਈ ਵੀ ਲਈ।

ਇੰਗਲੈਂਡ ਪ੍ਰਵਾਸ : ਰਾਮਪਾਲ 'ਰਾਹੀ' ਜਿਵੇਂ ਹੀ ਇੰਗਲੈਂਡ ਪਹੁੰਚੇ, ਪਰ ਉਨ੍ਹਾਂ ਦੀ ਕਹਾਣੀ ਦਰਦਨਾਕ ਹੈ। ਇਕ ਸਮਾਂ ਸੀ ਜਦੋਂ ਪੰਜਾਬ ਦੀ ਜਵਾਨੀ ਦਾ ਝੁਕਾਅ 'ਖੱਬੇ ਪੱਖੀ ਵਿਚਾਰਧਾਰਾ' ਵੱਲ ਵੱਧਦਾ ਜਾ ਰਿਹਾ ਸੀ ਅਤੇ ਉਹ ਡਾਇਰੈਕਟ ਐਕਸ਼ਨ 'ਚ ਵਿਸ਼ਵਾਸ ਰੱਖਦੇ ਸਨ। ਦੂਜੇ ਪਾਸੇ ਸਰਕਾਰ ਵੀ ਇਸ ਭਰਵੇ ਹੁੰਗਾਰੇ ਪ੍ਰਤੀ ਸੁਚੇਤ ਸੀ। ਰਾਹੀ ਅਤੇ ਉਸਦਾ ਇਲਾਕਾ ਵੀ ਇਸ ਜੱਦ 'ਚ ਆ ਚੁੱਕਾ ਸੀ। ਹਰ ਮਾਂ-ਬਾਪ ਦਾ ਫ਼ਰਜ ਹੈ ਕਿ ਉਹ ਆਪਣੀ ਸੰਤਾਨ ਦੀ ਬੇਹਤਰੀ ਲਈ ਉਪਰਾਲੇ ਕਰੇ। ਇਕ ਵਾਰ 'ਰਾਹੀ' ਨੇ ਇੰਗਲੈਂਡ ਪਹੁੰਚਣ ਦੀ ਕਹਾਣੀ ਦੱਸੀ ਸੀ ਕਿ ''ਕਿਸ ਤਰ੍ਹਾਂ ਜਦੋਂ ਉਹ ਇੰਗਲੈਂਡ 'ਚ ਦਾਖ਼ਲ ਹੋਇਆ ਤਾਂ ਉਸਨੂੰ ਸੰਭਾਲਣ ਵਾਲਾ ਕੋਈ ਨਹੀਂ ਸੀ। ਸਰਦੀ ਦਾ ਮੌਸਮ ਸੀ, ਲਗਾਤਾਰ ਬਰਫ਼ ਪੈ ਰਹੀ ਸੀ, ਸਿਰ ਛਪਾਉਣ ਲਈ ਕਿਧਰੇ ਜਗ੍ਹਾ ਨਹੀਂ ਸੀ। ਭੁੱਖੇ-ਭਾਣੇ ਇੰਗਲੈਂਡ ਦੀ ਪਹਿਲੀ ਰਾਤ, ਉਸਨੇ ਟੈਲੀਫੂਨ ਬੂਥ 'ਚ ਲੁਕ ਕੇ ਗੁਜ਼ਾਰੀ। ਕਿੰਨੀ ਭਿਆਨਕ ਸੀ ਉਹ ਰਾਤ, ਉਸਦਾ ਅੰਦਾਜ਼ਾ, ਮੈਥੋਂ ਸਿਵਾ ਕੋਈ ਨਹੀਂ ਲਗਾ ਸਕਦਾ।'' ਬਾਅਦ 'ਚ ਸਥਿਰ ਹੋ ਕੇ ਜੀਵਨ 'ਚ ਅੱਗੇ ਵੱਧਣਾ ਸ਼ੁਰੂ ਕੀਤਾ।

ਕਿੱਤਾ : ਉਨ੍ਹਾਂ ਨੇ ਨਿੱਜੀ ਜ਼ਿੰਦਗੀ 'ਚ ਸੰਘਰਸ਼ ਕਰਦੇ ਹੋਏ, ਹਰ ਮੌਕੇ ਨੂੰ ਅਵਸਰ 'ਚ ਬਦਲਿਆ। ਉਨ੍ਹਾਂ ਨੇ 1976 ਤੋਂ 1989 ਤੱਕ ਲੂਟਨ 'ਚ ਵੌਕਸਹਾਲ ਮੋਟਰਜ਼ 'ਚ ਇਕ ਪ੍ਰੋਡਕਸ਼ਨ ਅਪਰੇਟਰ ਵਜੋਂ ਕੰਮ ਕੀਤਾ ਅਤੇ ਨਾਲ ਹੀ ਨਾਲ ਉਨ੍ਹਾਂ ਨੇ ਡਰਾਇਵਿੰਗ ਇੰਸਟ੍ਰਕਟਰ ਵਜੋਂ ਸਿਖਲਾਈ ਲਈ ਅਤੇ 'ਪਾਲ ਸਕੂਲ ਆਫ਼ ਮੋਟਰਿੰਗ' ਦੀ ਸਥਾਪਨਾ ਕਰਕੇ ਸਿਖਲਾਈ ਦੇਣੀ ਸ਼ੁਰੂ ਕੀਤੀ। 1985 ਤੋਂ ਉਨ੍ਹਾਂ ਦੇ ਪਰਿਵਾਰ ਨੇ ਕੈਂਪਸਟਨ 'ਚ 'ਪਾਲਜ਼ ਸੁਪਰ ਸਟੋਰ' ਖੋਲ੍ਹਿਆ, ਜਿੱਥੇ 2009 'ਚ ਮੈਂ ਵੀ ਜਾ ਚੁੱਕਾ ਹਾਂ। ਜਦੋਂ ਉਨ੍ਹਾਂ ਨੇ ਮੈਨੂੰ ਯਾਦਗਾਰੀ ਤੋਹਫ਼ਾ ਲੈਣ ਲਈ ਕਿਹਾ ਤਾਂ ਮੈਂ ਇਕ ਕਿਤਾਬ ਅਤੇ ਯੂ.ਕੇ. ਦਾ ਨਕਸ਼ਾ ਲਿਆ, ਜਿਸ 'ਚ ਯੂ.ਕੇ. ਦੀ ਪੂਰੀ ਜਾਣਕਾਰੀ ਸੀ, ਜੋ ਅੱਜ ਵੀ ਮੇਰੀ ਲਾਇਬ੍ਰੇਰੀ 'ਚ ਮੌਜੂਦ ਹੈ। ਜਦੋਂ ਉਨ੍ਹਾਂ ਨੇ ਪ੍ਰੋਪਰਟੀ ਬਿਜਨਿਸ 'ਚ ਪੈਰ ਰੱਖਿਆ ਤਾਂ ਫੇਰ ਉਨ੍ਹਾਂ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਉਹ ਯੂ.ਕੇ. ਅਤੇ ਭਾਰਤ 'ਚ ਪ੍ਰੋਪਰਟੀ ਦਾ ਬਿਜਨਿਸ ਕਰਦੇ ਸਨ। ਉਨ੍ਹਾਂ ਨੇ ਕਈ ਫ਼ਰਮਾਂ ਬਣਾਈਆਂ ਜਿਵੇਂ 4 ਆਰ. ਪ੍ਰੋਪਰਟੀਜ਼ ਲਿਮਟਿਡ, ਪੌਲ ਐਂਡ ਸਨਜ਼ ਦੇ ਨਾਂ ਹੇਠ ਕਾਫ਼ੀ ਨਾਮ ਅਤੇ ਦਾਮ ਖੱਟਿਆ। ਦੱਸਿਆ ਜਾਂਦਾ ਹੈ ਕਿ ਉਨ੍ਹਾਂ ਦਾ ਇਕ ਹੋਟਲ ਵੀ ਹੈ । ਪੰਜਾਬ ਦੇ ਸ਼ਹਿਰ ਫਗਵਾੜਾ ਵਿਖੇ ਵੀ ਉਨ੍ਹਾਂ ਦੀ ਆਲੀਸ਼ਾਨ ਕੋਠੀ ਹੈ ।

ਮਿਸ਼ਨਰੀ ਯੋਗਦਾਨ : ਅੰਬੇਡਕਰ ਮਿਸ਼ਨ 'ਚ ਉਨ੍ਹਾਂ ਨੂੰ ਤੋਰਨ ਵਾਲੇ ਚਾਨਣ ਚਾਹਲ ਜੀ ਸਨ, ਉਨ੍ਹਾਂ ਦੀ ਅਗਵਾਈ ਹੇਠ ਅੰਬੇਡਕਰ ਅਤੇ ਬੁੱਧ ਦੀ ਵਿਚਾਰਧਾਰਾ ਦਾ ਡੂੰਘਾ ਅਧਿਐਨ ਕੀਤਾ, ਬੋਲਣਾ ਅਤੇ ਲਿਖਣਾ ਸਿੱਖਿਆ। ਉਨ੍ਹਾਂ ਨੇ ਬਹੁਤ ਸਾਰੀਆਂ ਕਿਤਾਬਾਂ ਦੇ ਅਨੁਵਾਦ ਕੀਤੇ ਜਿਵੇਂ 'ਕੀ ਮਹਾਂਕਵੀ ਬਾਲਮੀਕ ਅਛੂਤ ਸਨ?' ਕਿਰਤੀ ਪਬਲੀਕੇਸ਼ਨ ਟਰੱਸਟ ਦੀ ਸਥਾਪਨਾ 'ਚ ਯੋਗਦਾਨ ਪਾਇਆ। ਮੇਰੀ ਸੰਪਾਦਨ ਹੇਠ ਜਦੋਂ ਪੰਜਾਬੀ ਸਪਤਾਹਿਕ 'ਕਿਰਤੀ' (1984-1988) ਚਾਲੂ ਕੀਤਾ ਅਤੇ ਉਸਨੂੰ ਜਾਰੀ ਰੱਖਣ ਲਈ ਮਾਲੀ-ਯੋਗਦਾਨ ਦਿੰਦੇ ਰਹੇ। ਮਲਿੰਦ ਪ੍ਰਕਾਸ਼ਨ ਦੀ ਪੁਸਤਕ




'ਪ੍ਰੀਤਮ ਕਾਵਿ' (2010) 'ਚ ਛਪਵਾਈ ਅਤੇ 'ਪੰਜਾਬ ਦਾ ਬੋਧੀ ਇਤਿਹਾਸ' (2026) ਛੱਪਣ ਵੇਲੇ ਵੀ ਆਪਣਾ ਯੋਗਦਾਨ ਪਾਇਆ।

ਜਦੋਂ ਤਕਸ਼ਿਲਾ ਮਹਾਂਬੁੱਧ ਵਿਹਾਰ ਬਣ ਰਿਹਾ ਸੀ ਤਾਂ ਜਿੱਥੇ ਬਾਕੀ ਦਾਨੀਆਂ ਨੇ ਆਪੋ-ਆਪਣੇ ਪਿਆਰਿਆਂ ਦੇ ਨਾਂ ਉੱਤੇ ਕਮਰੇ ਬਣਵਾਏ ਸਨ ਤਾਂ ਚਾਨਣ ਚਾਹਲ ਨੇ, ਉਨ੍ਹਾਂ ਨੂੰ ਖ਼ਾਸ ਤੌਰ ਉੱਤੇ 'ਸਾਂਚੀ ਸਤੂਪ ਗੇਟ' ਬਣਵਾਉਣ ਦੀ ਜ਼ਿੰਮੇਵਾਰੀ ਦਿੱਤੀ। ਸਾਂਚੀ ਸਤੂਪ ਗੇਟ ਬਣਾਉਣ ਸਬੰਧੀ ਹੋਈ ਮੀਟਿੰਗ 'ਚ ਜਦੋਂ ਭਾਰੀ ਖ਼ਰਚਾ ਹੋਣ ਦਾ ਮੁੱਦਾ ਉੱਠਿਆ ਤਾਂ ਰਾਹੀ ਜੀ ਨੇ ਕਿਹਾ ਕਿ ਖ਼ਰਚੇ ਦਾ ਫ਼ਿਕਰ ਨਾ ਕਰੋ, ਪਰ ਗੇਟ ਬਿਲਕੁਲ ਹੂ-ਬ-ਹੂ, ਉਹੋ ਜਿਹਾ ਹੀ (ਰਪਲਿਚਓ) ਬਨਣਾ ਚਾਹੀਦਾ ਹੈ। ਲਾਲ ਪੱਥਰ ਦੇ ਬਣੇ ਨਕਾਸ਼ੀਦਾਰ ਗੇਟ ਉੱਪਰ ਉਸ ਸਮੇਂ 10 ਲੱਖ ਰੁਪਏ ਲੱਗੇ ਸਨ ਜੋ ਸੁੰਡਾ ਪਰਿਵਾਰ ਨੇ ਆਪਣੇ ਪਿਤਾ ਸੂਬੇਦਾਰ ਚਰਨ ਦਾਸ (28 ਮਈ, 1934—17 ਜੂਨ, 2005) ਦੀ ਯਾਦ 'ਚ ਬਣਵਾਇਆ ਸੀ। ਇਹ ਗੇਟ ਤਕਸ਼ਿਲਾ ਮਹਾਂਬੁੱਧ ਵਿਹਾਰ ਦੀ ਸ਼ਾਨ ਹੈ। ਇਸ ਗੇਟ ਦੇ ਨਾਲ ਹੀ ਸੂਬੇਦਾਰ ਜੀ ਦਾ ਬੁੱਤ ਵੀ ਲੱਗਾ ਹੋਇਆ ਹੈ। ਜਦੋਂ ਤਕਸ਼ਿਲਾ ਮਹਾਂਬੁੱਧ ਵਿਹਾਰ ਵਿਖੇ ਬਾਬਾ ਸਾਹਿਬ ਦਾ ਬੁੱਤ ਲਾਉਣ ਦੀ ਗੱਲ ਚੱਲੀ ਤਾਂ ਵੀ 'ਰਾਹੀ' ਜੀ ਦਾ ਰੋਲ ਸਲਾਹੁਣਯੋਗ ਸੀ। ਉਨ੍ਹਾਂ ਦੇ ਉੱਦਮ ਸਦਕਾ, ਅੰਬੇਡਕਰ ਮਿਸ਼ਨ ਸੁਸਾਇਟੀ ਦੇ ਮੈਂਬਰ ਮਾ. ਨਿਰਮਲਾ ਚਾਹਲ, ਮਰਹੂਮ ਹੁਕਮ ਚੰਦ ਮਹਿੰਮੀ ਦੇ ਸਹਿਯੋਗ ਨਾਲ ਅੰਬੇਡਕਰ ਦਾ ਬੁੱਤ ਪਾਗੋਡਾ ਨੁਮਾ ਛਤਰੀ ਹੇਠ ਸੁਸ਼ੋਭਿਤ ਹੈ, ਤਕਸ਼ਿਲਾ ਦੇ ਖ਼ਰਚੇ ਅਤੇ ਹੋਰ ਮਸਲਿਆਂ ਨੂੰ ਉਹ ਬਾਖ਼ੂਬੀ ਹੱਲ ਕਰ ਲੈਂਦੇ ਸਨ।

ਪਿਛਲੀ ਫੇਰੀ ਵੇਲੇ ਜਦੋਂ ਉਹ ਅੰਬੇਡਕਰ ਭਵਨ ਜਲੰਧਰ ਪਧਾਰੇ ਸਨ ਤਾਂ ਉਨ੍ਹਾਂ ਨੇ ਅੰਬੇਡਕਰ ਭਵਨ ਟਰੱਸਟ ਨੂੰ ਦੋ ਲੱਖ (1 ਲੱਖ ਆਪਣੇ ਵਲੋਂ, 1 ਲੱਖ ਨਿਰਮਲਾ ਚਾਹਲ ਵਲੋਂ) ਮਾਲੀ ਮਦਦ ਕੀਤੀ ਸੀ।

ਰਾਮਪਾਲ ਰਾਹੀ ਜੀ ਪਲਾਹੀ ਰੋਡ ਫਗਵਾੜਾ ਵਿਖੇ ਬਣੇ ਸ਼੍ਰੀ ਗੁਰੂ ਰਵਿਦ-ਾਸ ਮਿਸ਼ਨ ਹਸਪਤਾਲ ਦੇ ਮੁੱਢਲੇ ਟਰੱਸਟੀ ਸਨ, ਉਨ੍ਹਾਂ ਨੇ ਉਸਦੀ ਉਸਾਰੀ 'ਚ ਵੱਡਮੁੱਲਾ ਯੋਗਦਾਨ ਪਾਇਆ। ਹਸਪਤਾਲ 'ਚ ਗ਼ਰੀਬ ਲੋਕਾਂ ਨੂੰ ਡਾਕਟਰੀ ਸਹੂਲਤਾਂ ਅਤੇ ਆਪ੍ਰੇਸ਼ਨ ਕਰਵਾਉਣ ਦੇ ਖ਼ਰਚੇ ਖ਼ੁਦ ਉਠਾਉਂਦੇ ਸਨ। ਡਾ. ਰਾਹੁਲ ਜੱਸੀ ਦੀ ਯੋਗ ਅਗਵਾਈ 'ਚ ਡੱਲੇਵਾਲ ਵਿਖੇ 'ਪ੍ਰਬੁੱਧ ਭਾਰਤ ਫਾਊਂਡੇਸ਼ਨ' ਦੇ ਅਧੀਨ ਚੱਲ ਰਹੀਆਂ ਯੋਜਨਾਵਾਂ ਨੂੰ ਅਮਲੀ ਰੂਪ ਦੇਣ ਲਈ ਦਿਲ ਖੋਲ੍ਹ ਕੇ ਮਦਦ ਕਰਦੇ ਰਹੇ ਸਨ। ਬੱਚਿਆਂ ਨੂੰ ਚੰਗੀਆਂ ਸਿੱਖਿਆ ਸਹੂਲਤਾਂ ਦੇ ਵੱਡੇ ਹਮਾਇਤੀ ਸਨ। ਉਨ੍ਹਾਂ ਨੇ ਲੋੜਵੰਦ ਵਿਦਿਆਰਥੀਆਂ ਨੂੰ ਵਿਦੇਸ਼ੀ-ਸਿੱਖਿਆਂ ਦੁਆਉਣ 'ਚ ਕਈਆਂ ਨੂੰ ਸਪਾਂਸਰ ਕੀਤਾ ਸੀ।

ਮੁੱਖ ਜ਼ਿੰਮੇਵਾਰੀਆਂ : ਚਾਨਣ ਚਾਹਲ ਦੇ ਦੇਹਾਂਤ ਤੋਂ ਬਾਅਦ, ਰਾਮਪਾਲ 'ਰਾਹੀ' ਜੀ ਨੇ ਅਗਵਾਈ ਕੀਤੀ। ਬਹੁਤ ਸਾਰੀਆਂ ਮੁੱਖ ਜ਼ਿੰਮੇਵਾਰੀਆਂ ਨੂੰ ਖਿੜੇ ਮੱਥੇ ਸਵੀਕਾਰ ਕੀਤਾ। ਅੱਜ-ਕੱਲ੍ਹ ਉਹ ਤਿੰਨ ਸੰਸਥਾਵਾਂ ਦੇ ਪ੍ਰਧਾਨ ਸਨ—ਫੈਡਰੇਸ਼ਨ ਆਫ਼ ਅੰਬੇਡਕ-ਰਾਈਟ ਐਂਡ ਬੁੱਧਿਸਟ ਆਰਗੇਨਾਈਜੇਸ਼ਨਜ਼ (ਫਅਭੌ), ਪੰਜਾਬ ਬੁੱਧਿਸਟ ਸੁਸਾਇਟੀ (ਯੂ.ਕੇ.) ਅਤੇ ਅੰਬੇਡਕਰ ਮਿਸ਼ਨ ਸੁਸਾਇਟੀ ਬੈਡਫੋਰਡ। ਇਸਦਾ ਇਕ ਕਾਰਨ, ਮੈਂ ਇਹ ਵੀ ਸਮਝਦਾ ਹਾਂ ਕਿ ਉਹ ਬਹੁਤ ਵੱਡੇ ਦਾਨੀ ਸਨ। ਦਾਨ-ਪਾਰਮਿਤਾ ਦੇ ਪੱਕੇ ਸਨ। ਹਰ ਚੰਗੇ ਕੰਮ ਲਈ ਦਾਨ ਦੇਣਾ, ਉਹ ਆਪਣਾ ਫ਼ਰਜ਼ ਸਮਝਦੇ ਸਨ। ਇਕ ਦਿਆਲੂ ਪੁਰਸ਼ ਹੀ ਦਾਨ ਦੇ ਸਕਦਾ ਹੈ । ਇਨਸਾਨ ਤਾਂ ਕੀ ਜਾਨਵਰਾਂ ਅਤੇ ਪੰਛੀਆਂ ਪ੍ਰਤੀ ਵੀ ਉਹ ਸੁਚੇਤ ਰਹਿੰਦੇ ਹਨ। ਸੰਨ 2009 'ਚ ਜਦੋਂ ਮੈਂ ਇੰਗਲੈਂਡ ਗਿਆ ਤਾਂ ਬੈਡਫੋਰਡ ਦੇ ਸਾਥੀਆਂ ਨੂੰ ਮਿਲਣ ਲਈ ਬੈਡਫ਼ੋਰਡ ਵੀ ਗਿਆ ਸੀ। ਵਾਪਸੀ ਵੇਲੇ ਉਹ ਮੈਨੂੰ ਬ੍ਰਮਿੰਘਮ ਛੱਡਣ ਆਏ ਸਨ। ਰਸਤੇ 'ਚ ਅਸੀਂ ਇਕ ਜੰਗਲ ਵਿਚੋਂ ਲੰਘ ਰਹੇ ਸਾਂ ਤਾਂ ਇਕ ਪੰਛੀ ਜੋ ਸੜਕ ਕਿਨਾਰੇ ਬੈਠਾ ਹੋਵੇਗਾ, ਕਾਰ ਨਜ਼ਦੀਕ ਆਉਣ ਵੇਲੇ ਉੱਡਣ ਲੱਗਾ ਤਾਂ ਸ਼ੀਸ਼ੇ ਨਾਲ ਟਕਰਾਅ ਗਿਆ, ਤਾਂ ਰਾਹੀ ਦੇ ਮੂੰ ਮੂੰਹੋਂ ਸੁਭਾਵਕ ਹੀ ਨਿਕਲ ਗਿਆ, ''ਸੌਰੀ, ਮੈਂ ਦੇਖ ਨਹੀਂ ਸਕਿਆ।'' ਪੰਛੀ ਭਾਵੇਂ ਉੱਡ ਗਿਆ, ਪਰ ਰਾਹੀ ਦੇ ਅੰਦਰ ਇਕ ਪਛਤਾਵਾ ਸੀ, ਇਕ ਦਰਦ ਸੀ।

ਅੰਬੇਡਕਰ ਮਿਸ਼ਨ ਸੁਸਾਇਟੀ ਬੈਡਫੋਰਡ : ਬੈਡਫ਼ੋਰਡ 'ਚ ਡਾ. ਅੰਬੇਡਕਰ ਦੇ ਪੈਰੋਕਾਰਾਂ ਦੀ ਵਿਚਾਰਧਾਰਕ ਪੱਖੋਂ ਬੜੀ ਮਜ਼ਬੂਤ ਟੀਮ ਸੀ, ਜਿਨ੍ਹਾਂ 'ਚ ਸਰਵ ਮਾ. ਚਾਨਣ ਚਾਹਲ, ਹੁਕਮਚੰਦ ਮਹਿੰਮੀ, ਧੰਨਪਤ ਰੱਤੂ, ਮੇਹਰ ਸਿੰਘ ਧਾਲੀਵਾਲ, ਅਰੁਣ ਕੁਮਾਰ, ਰਾਮਪਾਲ 'ਰਾਹੀ' ਆਦਿ ਗਿਣਤੀ 'ਚ ਭਾਵੇਂ ਥੋੜ੍ਹੇ ਸਨ, ਪਰ ਦ੍ਰਿੜ੍ਹਤਾ ਅਤੇ ਲਗਨ ਦੇ ਪੱਕੇ ਸਨ। ਇਨ੍ਹਾਂ ਨੇ ਬਹੁਤ ਵੱਡੇ-ਵੱਡੇ ਕੰਮ ਸ਼ੁਰੂ ਕੀਤੇ ਅਤੇ ਨੇਪੜੇ ਚਾੜੇ। ਅੰਬੇਡਕਰੀ ਸਾਹਿਤ ਪ੍ਰਕਾਸ਼ਿਤ ਕਰਵਾਉਣ 'ਚ ਅੰਬੇਡਕਰ ਮਿਸ਼ਨ ਸੁਸਾਇਟੀ ਦਾ ਵੱਡਮੁੱਲਾ ਯੋਗਦਾਨ ਹੈ। ਹੁਣ ਵੀ ਅੰਬੇਡਕਰ ਐਜੂ-ਕੇਸ਼ਨ ਸੈਂਟਰ ਸਥਾਪਤ ਕਰਨ ਲਈ ਉੱਦਮ ਕੀਤੇ ਜਾ ਰਹੇ ਹਨ। ਅੰਬੇਡਕਰ ਮਿਸ਼ਨ ਸੁਸਾਇਟੀ ਪਹਿਲਾਂ 'ਭੀਮ ਐਸੋਸੀਏਸ਼ਨ' ਦੇ ਨਾਮ ਨਾਲ ਪ੍ਰਸਿੱਧ ਸੀ।

ਦੇਸ਼ਾਂ-ਵਿਦੇਸ਼ਾਂ ਦੇ ਦੌਰੇ : ਉਨ੍ਹਾਂ ਨੇ ਡਾ. ਬਾਬਾ ਸਾਹਿਬ ਅੰਬੇਡਕਰ ਤੇ ਤਥਾਗਤ ਬੁੱਧ ਦੀ ਵਿਚਾਰਧਾਰਾ ਦੇ ਪ੍ਰਚਾਰ-ਪ੍ਰਸਾਰ ਲਈ ਦੇਸ਼ਾਂ-ਵਿਦੇਸ਼ਾਂ ਦੇ ਅਨੇਕ ਦੌਰੇ ਕੀਤੇ। ਉਹ ਪੁਰਤਗਾਲ, ਫਰਾਂਸ, ਬੈਲਜ਼ੀਅਮ, ਕਨੇਡਾ (ਸਾਈਮਨ ਫ਼ਰੇਜਰ ਯੂਨੀਵਰਸਿਟੀ) ਵੈਨਕੂਵਰ, ਸੰਯੁਕਤ ਰਾਜ ਅਮਰੀਕਾ (ਕੋਲੰਬੀਆ ਯੂਨੀਵਰਸਿਟੀ), ਜਾਪਾਨ (ਕੋਸ਼ਿਆਮਾ ਯੂਨੀਵਰਸਿਟੀ), ਪੈਰਿਸ ਅਤੇ ਕੁਆਲਲੰਪੁਰ ਆਦਿ।

ਆਖ਼ਰੀ ਦੌਰਾ : ਉਨ੍ਹਾਂ ਦਾ ਆਖ਼ਰੀ ਵਿਦੇਸ਼ੀ ਦੌਰਾ ਇੱਟਲੀ ਦਾ ਸੀ, ਜਿੱਥੇ ਉਨ੍ਹਾਂ ਨੇ ਆਪਣੇ ਦੋ ਮਿੰਟ ਦੇ ਸੰਖੇਪ ਭਾਸ਼ਣ 'ਚ ਕਿਹਾ ਸੀ ਕਿ ਮੈਂ 50 ਸਾਲ ਪਹਿਲਾਂ ਬੁੱਧ ਧਰਮ ਅਪਨਾਇਆ ਸੀ, ਤੁਹਾਨੂੰ ਬਹੁਤ-ਬਹੁਤ ਮੁਬਾਰਕ, ਤੁਸੀਂ ਘਰ ਵਾਪਸੀ ਕੀਤੀ ਹੈ। ਇਹ ਸਾਡੇ ਪੁਰਖਿਆਂ ਦਾ ਧਰਮ ਸੀ, ਜੋ ਸਾਥੋਂ ਖੋਹ ਲਿਆ ਸੀ। ਮੈਂ ਵੀ ਪ੍ਰੋਪਰਟੀ ਦਾ ਕੰਮ ਕਰਦਾ ਹਾਂ, ਮੈਨੂੰ ਪਤਾ ਹੈ ਕਿ ਆਪਣਾ ਘਰ ਆਪਣਾ ਹੀ ਹੁੰਦਾ ਹੈ। ਬੁੱਧ ਧਰਮ ਅਪਨਾ ਕੇ, ਤੁਸੀਂ ਵਿਸ਼ਵ ਬੋਧੀ ਭਾਈਚਾਰੇ ਨਾਲ ਜੁੜੇ ਹੋ। ਚਿੰਤਾ ਨਾ ਕਰੋ ਕਿ ਅਸੀਂ ਥੋੜ੍ਹੇ ਹਾਂ, ਹਮੇਸ਼ਾ ਚੰਗੇ ਬੰਦਿਆਂ ਦੀ ਗਿਣਤੀ ਥੋੜ੍ਹੀ ਹੀ ਹੁੰਦੀ ਹੈ, ਕਿਉਂਕਿ ਬੁੱਧ ਧਰਮ ਉੱਤੇ ਚੱਲਣਾ ਔਖਾ ਹੈ। ਉਨ੍ਹਾਂ ਨੇ ਬੁੱਧ ਦੇ 'ਅੱਤ ਦੀਪੋ ਭਵ' ਦਾ ਸੰਦੇਸ਼ ਦਿੰਦੇ ਹੋਏ ਕਿਹਾ ਕਿ ਬੁੱਧ ਨੇ ਸਾਨੂੰ ਖੋਜ-ਪੜਤਾਲ ਕਰਨ ਦੀ ਖੁੱਲ੍ਹ ਦਿੱਤੀ ਹੈ, ਜੋ ਹੋਰ ਕਿਸੇ ਨੇ ਨਹੀਂ ਦਿੱਤੀ। ਉਨ੍ਹਾਂ ਨੇ ਬੁੱਧਗਯਾ ਨੂੰ ਆਜ਼ਾਦ ਕਰਾਉਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਬੁੱਧਗਯਾ ਬੋਧੀਆਂ ਦਾ ਹੈ; ਜਿਵੇਂ ਬਾਕੀ ਧਰਮ ਅਸਥਾਨਾਂ ਦਾ ਪ੍ਰਬੰਧ, ਉਸੇ ਧਰਮ ਦੇ ਲੋਕ ਕਰਦੇ ਹਨ, ਇਸੇ ਤਰ੍ਹਾਂ ਬੁੱਧਗਯਾ ਪ੍ਰਬੰਧ ਵੀ ਬੋਧੀਆਂ ਦੇ ਕੋਲ ਹੋਣਾ ਚਾਹੀਦਾ ਹੈ।''

ਰਾਮਪਾਲ 'ਰਾਹੀ' ਜੀ ਇਕ ਬਹੁਪੱਖੀ ਸ਼ਖ਼ਸ਼ੀਅਤ ਦੇ ਮਾਲਕ ਸਨ। ਜਿੱਥੇ ਉਨ੍ਹਾਂ ਨੇ ਡਾ. ਅੰਬੇਡਕਰ ਅਤੇ ਤਥਾਗਤ ਦੀ ਵਿਚਾਰਧਾਰਾ ਦਾ ਡੂੰਘਾਈ ਨਾਲ ਅਧਿਐਨ ਕੀਤਾ, ਉੱਥੇ ਉਨ੍ਹਾਂ ਨੇ ਇਨ੍ਹਾਂ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਨੂੰ ਆਪਣੇ ਜੀਵਨ 'ਚ ਅਮਲੀ ਰੂਪ ਵੀ ਦਿੱਤਾ। ਦਾਨ ਪਾਰਮਿਤਾ 'ਚ ਪੱਕੇ, ਦਿਆਲੂ ਤੇ ਨਰਮ ਸੁਭਾਅ, ਹੱਸਮੁੱਖ ਤੇ ਮਿਲਣਸਾਰ, ਹਮੇਸ਼ਾ ਉਸਾਰੂ ਅਤੇ ਵਿਗਿਆਨਕ ਸੋਚ ਦੇ ਧਾਰਨੀ, ਸਮਾਜਿਕ ਨਿਆਂ ਅਤੇ ਮਨੁੱਖੀ ਕਦਰਾਂ-ਕੀਮਤਾਂ ਦੇ ਹਾਮੀ ਸਨ। ਉਨ੍ਹਾਂ 'ਚ ਹਉਮੈਂ ਦਾ ਨਾਂ-ਨਿਸ਼ਾਨ ਨਹੀਂ ਸੀ।

ਬਾਬਾ ਸਾਹਿਬ ਡਾ. ਅੰਬੇਡਕਰ ਦੇ ਬੁੱਧਮਈ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਜੂਝਦੇ ਹੋਏ, 8 ਮਈ, 2026 ਨੂੰ ਧੰਨ, ਮਨ ਅਤੇ ਤਨ ਕੁਰਬਾਨ ਕਰਕੇ ਸਦਾ ਲਈ ਇਸ ਫ਼ਾਨੀ ਦੁਨੀਆਂ ਤੋਂ ਕੂਚ ਕਰ ਗਏ। ਇਹੋ ਜਿਹੇ ਵਿਲੱਖਣ ਲੋਕ ਕਦੀ-ਕਦੀ ਹੀ ਧਰਤੀ ਉੱਪਰ ਆਉਂਦੇ ਹਨ, ਇਹੋ ਜਿਹੇ ਲੋਕਾਂ ਲਈ ਹੀ ਡਾ. ਇਕਬਾਲ ਨੇ ਕਿਹਾ ਹੈ—

ਹਜ਼ਾਰੋਂ ਸਾਲ ਨਰਗਿਸ ਅਪਨੀ ਬੇਨੂਰੀ ਪੇ ਰੋਤੀ ਹੈ।
ਬੜੀ ਮੁਸ਼ਕਲ ਸੇ ਹੋਤਾ ਹੈ, ਚਮਨ ਮੇਂ ਦੀਦਾਵਰ ਪੈਦਾ।

ਇਹੋ ਜਿਹੀ ਪੱਦਵੀ ਉੱਤੇ ਪਹੁੰਚਣ ਲਈ, ਸ਼ੇਖ ਸਾਅਦੀ ਕਹਿੰਦੇ ਹਨ ਕਿ ''ਪ੍ਰਧਾਨਗੀ ਦੇ ਸਥਾਨ ਉੱਤੇ ਬਣੇ ਰਹਿਣ ਲਈ ਹਰ ਕੋਈ ਯੋਗ ਨਹੀਂ ਹੁੰਦਾ। ਸਤਿਕਾਰ, ਪੱਦਵੀ ਦੇ ਅਨੁਕੂਲ ਹੀ ਹੁੰਦਾ ਹੈ ਅਤੇ ਪੱਦਵੀ, ਉਸਦੀ ਕਦਰ ਦੇ ਮੁਤਾ-ਬਿਕ ਹੁੰਦੀ ਹੈ।''

ਉਨ੍ਹਾਂ ਦੇ ਕਰਮ ਹੀ ਉਪਦੇਸ਼ ਹਨ। ਉਨ੍ਹਾਂ ਦਾ ਮਿਸ਼ਨਰੀ ਯੋਗ-ਦਾਨ ਹੀ ਸੰਦੇਸ਼ ਹੈ!!



**ਹਰਮੇਸ਼ ਜਸਲ**

# ਬੋਧਿਸਤਵ ਅੰਬੇਡਕਰ ਪਬਲਿਕ ਸੀਨੀਅਰ ਸੈਕੇਂਡਰੀ ਸਕੂਲ ਵਿੱਚ ਮਾਤਾ ਰਮਾਬਾਈ ਅੰਬੇਡਕਰ ਦੀ ਬਰਸੀ ਉੱਤੇ ਸ਼ਰਧਾਂਜਲੀ ਸਭਾ ਦਾ ਪ੍ਰਬੰਧ





**ਸਮਾਜ ਵੀਕਲੀ ਯੂ ਕੇ ਜਲੰਧਰ** – ਤਾਰੀਖ਼ 27 ਮਈ 2026 ਨੂੰ ਬੋਧਿਸਤਵ ਅੰਬੇਡਕਰ ਪਬਲਿਕ ਸੀਨੀਅਰ ਸੇਕੇਂਡਰੀ ਸਕੂਲ ਫੂਲਪੁਰ ਧਨਾਲ, ਜਲੰਧਰ ਵਿੱਚ ਮਾਤਾ ਰਮਾਬਾਈ ਅੰਬੇਡਕਰ ਦੀ ਬਰਸੀ ਦੇ ਮੌਕੇ ਉੱਤੇ ਸ਼ਰੱਧਾਂਜਲਿ ਸਭਾ ਦਾ ਪ੍ਰਬੰਧ ਕੀਤਾ ਗਿਆ । ਪਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਨੂੰ ਮਾਤਾ ਰਮਾਬਾਈ ਦੇ ਸੰਘਰਸ਼ਮਏ ਜੀਵਨ, ਤਿਆਗ ਅਤੇ ਸਾਮਾਜਕ ਯੋਗਦਾਨ ਵਲੋਂ ਜਾਣੂ ਕਰਾਣਾ ਸੀ। ਇਸ ਸ਼ਰੱਧਾਂਜਲਿ ਸਭਾ ਵਿੱਚ ਆਈਬੀਏਮਟੀ ( ਇੰਟਰਨੇਸ਼ਨਲ ਬੁੱਧਿਸਟ ਮਿਸ਼ਨ ਟਰੱਸਟ ) ਦੇ ਸੰਸਥਾਪਕ ਅਤੇ ਚੇਇਰਮੈਨ ਸ਼੍ਰੀ ਸੋਹਨ ਲਾਲ ਗਿੰਡਾ ਜੀ, ਸੋਸਾਇਟੀ ਮੈਂਬਰ ਸ਼੍ਰੀ ਹੁਸਨ ਲਾਲ ਜੀ, ( Dhamachair Nagbhushan ) ਪਾਠਸ਼ਾਲਾ ਦੀ ਪ੍ਰਿੰਸੀਪਲ ਸ਼੍ਰੀਮਤੀ ਚੰਚਲ ਬੌੱਧ ਜੀ, ਕੁਲ ਅਧਿਆਪਕਗਣ ਅਤੇ ਵਿਦਿਆਰਥੀ ਮੌਜੂਦ ਰਹੇ ।

ਇਸ ਮੌਕੇ ਉੱਤੇ ਪਾਠਸ਼ਾਲਾ ਦੀ ਪ੍ਰਿੰਸੀਪਲ ਸ਼੍ਰੀਮਤੀ ਚੰਚਲ ਬੌੱਧ ਜੀ ਨੇ ਵਿਦਿਆਰਥੀਆਂ ਨੂੰ ਮਾਤਾ ਰਮਾਬਾਈ ਅੰਬੇਡਕਰ ਦੇ ਜੀਵਨ ਦੇ ਬਾਰੇ ਵਿੱਚ ਵਿਸਤਾਰਪੂਰਵਕ ਜਾਣਕਾਰੀ ਦਿੱਤੀ । ਉਨ੍ਹਾਂ ਨੇ ਬੱਚੀਆਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਮਾਤਾ ਰਮਾਬਾਈ ਦਾ ਜੀਵਨ ਤਿਆਗ, ਸੰਘਰਸ਼, ਸਬਰ ਅਤੇ ਸਮਰਪਣ ਦੀ ਅਨੁਪਮ ਮਿਸਾਲ ਹੈ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਜੀਵਨ ਵਲੋਂ ਪ੍ਰੇਰਨਾ ਲੈ ਕੇ ਸਿੱਖਿਆ ਅਤੇ ਮਨੁੱਖਤਾ ਦੇ ਰਸਤੇ ਉੱਤੇ ਅੱਗੇ ਵਧਨਾ ਚਾਹੀਦਾ ਹੈ ।

ਪਰੋਗਰਾਮ ਦੇ ਦੌਰਾਨ ਸ਼੍ਰੀ ਸੋਹਨ ਲਾਲ ਗਿੰਡਾ ਜੀ ਨੇ ਕਿਹਾ ਕਿ ਮਾਤਾ ਰਮਾਬਾਈ ਅੰਬੇਡਕਰ ਕੇਵਲ ਡਾ. ਭੀਮਰਾਵ ਅੰਬੇਡਕਰ ਦੀ ਜੀਵਨਸੰਗਿਨੀ ਹੀ ਨਹੀਂ ਸਨ, ਸਗੋਂ ਉਨ੍ਹਾਂ ਦੇ ਸਾਮਾਜਕ ਅਤੇ ਵਿਦਿਅਕ ਸੰਘਰਸ਼ਾਂ ਦੀ ਸਭ ਤੋਂ ਵੱਡੀ ਸ਼ਕਤੀ ਵੀ ਸਨ । ਔਖੇ ਹਾਲਾਤਾਂ ਵਿੱਚ ਵੀ ਉਨ੍ਹਾਂ ਨੇ ਬਾਬਾਸਾਹੇਬ ਦੇ ਮਿਸ਼ਨ ਨੂੰ ਲਗਾਤਾਰ ਸਹਿਯੋਗ ਅਤੇ ਮਜਬੂਤੀ ਪ੍ਰਦਾਨ ਕੀਤੀ ।

ਸੋਸਾਇਟੀ ਮੇਂਬਰ ਸ਼੍ਰੀ ਹੁਸਨ ਲਾਲ ਜੀ ( Dhamachair Nagbhushan ) ਨੇ ਵੀ ਮਾਤਾ ਰਮਾਬਾਈ ਦੇ ਸੰਘਰਸ਼ਾਂ ਵਲੋਂ ਜਾਣੂ ਕਰਵਾਂਦੇ ਹੋਏ ਵਿਦਿਆਰਥੀਆਂ ਅਤੇ ਅਧਿਆਪਿਕਾਵਾਂ ਨੂੰ ਉਨ੍ਹਾਂ ਦੇ ਜੀਵਨ ਵਲੋਂ ਸਿੱਖਣ ਨੂੰ ਕਿਹਾ ਅਤੇ ਉਨ੍ਹਾਂ ਦੇ ਬਾਰੇ ਵਿੱਚ ਜਿੰਨਾ ਹੋ ਸਕੇ ਪੜ੍ਹਨੇ ਨੂੰ ਪ੍ਰੇਰਿਤ ਕੀਤਾ ।

ਪਰੋਗਰਾਮ ਦੇ ਅੰਤ ਵਿੱਚ ਪਾਠਸ਼ਾਲਾ ਪਰਵਾਰ ਦੁਆਰਾ ਮਾਤਾ ਰਮਾਬਾਈ ਅੰਬੇਡਕਰ ਨੂੰ ਭਾਵਭੀਨੀ ਸ਼ਰੱਧਾਂਜਲਿ ਅਰਪਿਤ ਕੀਤੀ ਗਈ । ਸਕੂਲ ਸਬੰਧਤ ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਲਈ ਸੰਪਰਕ ਕਰੋ :

**ਸ਼੍ਰੀ ਹੁਸਨ ਲਾਲ ਜੀ : 9988393442**

# (ਰਿਸ਼ਤੇ ਬਚਾਉਣ ਲਈ ਵਕਤਦਾਨ)



ਭਾਵੇਂ ਅੱਜ ਵੀ ਮਹੱਤਵਪੂਰਨ ਹਨ, ਕੰਨਿਆਂਦਾਨ ਅਤੇ ਰੱਕਤਦਾਨ। ਭਵਿੱਖ ਵਿੱਚ, ਰਿਸ਼ਤਿਆਂ ਨੂੰ ਬਚਾਉਣ ਲਈ, ਸਮੇਂ ਮੁਤਾਬਿਕ ਵਕਤਦਾਨ ਦਾ ਹੋਵੇਗਾ ਮੁੱਖ ਯੋਗਦਾਨ। ਜਦੋਂ ਮੋਬਾਈਲ ਜਾਂ ਚਿੱਠੀ ਪੱਤਰ ਨਹੀਂ ਸਨ ਹੁੰਦੇ। ਵਾਟਾਂ ਗਾਹ ਗਾਹ ਕੇ ਮਿਲਣ ਲਈ ਪਹੁੰਚਦੇ ਸਨ ਹੁੰਦੇ। ਨਵਾਂ ਜ਼ਮਾਨਾ ਆਇਆ ਤੇਜੀ ਦਾ, ਫੋਨਾਂ ਉੱਤੇ ਹਾਲਚਾਲ ਪੁੱਛਣ ਦਾ ਟਾਈਮ ਵੀ ਨ੍ਹੀਂ ਮਿਲਦਾ। ਕੋਈ ਭਾਵੇਂ ਗੁੱਸੇ ਰਹੇ ਗਿਲੇ ਰਹੇ, ਉਨ੍ਹਾਂ ਦਾ ਪੱਤਾ ਵੀ ਨ੍ਹੀਂ ਹਿੱਲਦਾ।ਜਿਵੇਂ ਕੰਨਿਆ ਦਾਨ ਹੁੰਦਾ ਮਹਾਂ ਦਾਨ, ਉਸੇ ਤਰ੍ਹਾਂ ਰਿਸ਼ਤਿਆਂ ਨੂੰ ਜੋੜਨ ਵਾਲਾ ਹੁੰਦਾ ਵਕਤ ਦਾਨ।

ਅੰਗ੍ਰੇਜ਼ਾਂ ਦੇ ਹੁੰਦੇ ਅੰਕਲ ਅੰਟੀ, ਸਾਡੇ ਹੁੰਦੀਆਂ ਰਿਸ਼ਤੇਦਾਰਾਂ ਦੀਆਂ ਡਾਰਾਂ। ਮਾਤਾ, ਪਿਤਾ, ਧੀ-ਪੁੱਤ ਚਾਚਾ, ਚਾਚੀ, ਤਾਇਆ, ਤਾਈਆਂ।ਮਾਸੀ,ਮਾਸੜ,ਮਾਮਾ,ਮ ਾਮੀ, ਨਾਨਾ, ਨਾਨੀ,ਨਣਦ,ਭਰਜਾਈ, ਭੂਆ, ਫੁਫੜਾਂ ਕਤਾਰਾਂ ਲਾਈਆਂ। ਸੱਸ,ਸਹੁਰਾ ਨਨਸਹੁਰਾ, ਦਾਦੀ,ਦਾਦਾ,ਬੱਚਿਆਂ ਨਾਲ ਰੌਣਕਾਂ ਲਾਈਆਂ। ਪੋਤੇ, ਪੋਤੀਆਂ, ਦੋਹਤੇ, ਦੋਹਤੀਆਂ ਬਚਪਨ ਵਿੱਚ ਉਨ੍ਹਾਂ ਨਾਲ ਗੇੜੀਆਂ ਲਾਈਆਂ। ਚਚੇਰੀ ਭੈਣ,ਚਚੇਰਾ ਭਰਾ,ਭਾਣਜਾ, ਭਾਣਜੀ, ਭਾਣਜ-ਜਵਾਈ, ਪਤੀਹਸ, ਬੂਬਸ, ਮੇਮਰ,ਮਤੇਰ ਮਾਂ ,ਨਣਦੋਈਆ,ਘਰ-ਜਵਾਈ ਹੋਰ ਵੀ ਭੁਲੇ ਭਟਕੇ ਰਿਸ਼ਤੇ ਸਾਂਝਾਂ ਪਾਈ ਰੱਖਦੇ। ਬਿਪਤਾ ਵਿੱਚ ਨੇੜਤਾ ਬਣਾਈ ਰੱਖਦੇ।

ਮਤਲਬ ਨਾਲ ਵਾਹ ਵਾਸਤਾ ਰੱਖਦੇ, ਮੱਤਲਬ ਨਿਕਲ ਗਿਆ ਤਾਂ ਪਛਾਣਦੇ ਨਹੀਂ।ਜਾਣਦੇ ਹੋਏ ਵੀ ਕਹਿਣ,ਅਸੀਂ ਤਾਂ ਜਾਣਦੇ ਨਹੀਂ। ਜੋ ਰਿਸ਼ਤੇਦਾਰਾਂ ਨੂੰ ਨ੍ਹੀਂ ਪਛਾਣਦੇ, ਉਹ ਗੁਆਂਢੀਆਂ ਨਾਲ ਵੀ ਵਿਗੜੇ ਰਹਿੰਦੇ। ਵਿਗੜੇ ਤਿਗੜਿਆਂ ਦਾ ਡੰਡਾ ਪੀਰ ਹੁੰਦਾ,ਕੁੱਟ ਖਾਕੇ ਵੀ ਤਿਗੜੇ ਰਹਿੰਦੇ। ਰਿਸ਼ਤਿਆਂ ਨੂੰ ਜੋੜਨ ਲਈ ਪਿਆਰ ਮੋਹ ਦਿਖਾਉਣਾ ਪੈਂਦਾ। ਬੁੱਝੇ ਹੋਏ ਦੀਵਿਆਂ ਦਾ ਦੀਪ ਜਗਾਉਣਾ ਪੈਂਦਾ। ਮਾਹਿਰਾਂ ਦੀ ਲੋੜ ਪੈਣੀ, ਉਹਨਾਂ ਨੂੰ ਸਮਝਾਉਣ ਲਈ। ਜਮਾਨੇ ਦੇ ਨਾਲ ਚੱਲਣ ਵਾਸਤੇ, ਸੁੱਤੀਆਂ ਕਲਾਂ ਜਗਾਉਣ ਲਈ। ਘਰੇਲੂ ਨੌਕਰ, ਨੌਕਰਾਣੀਆਂ ਨਾਲ ਵੀ ਸਮਾਜਿਕ ਸਾਂਝਾਂ ਵੀ ਸਭਿਆਚਾਰ ਨੂੰ ਅਮੀਰੀ ਬਖ਼ਸ਼ਦੇ, ਇਨ੍ਹਾਂ ਬਾਝ ਵੀ ਨਹੀਂ ਸਰਦਾ।ਹਰ ਕੰਮ ਵਿੱਚ ਇਨ੍ਹਾਂ ਦਾ ਯੋਗਦਾਨ, ਇਨ੍ਹਾਂ ਬਿਨ ,ਰੁਕ ਜਾਂਦਾ ਧੰਦਾ ਘਰ ਦਾ।

ਕੋਈ ਕਹੇ ਦਾਦਾ ਦਾਦੀ ਨੇ ਪੜ੍ਹਾਇਆ। ਕੋਈ ਕਹੇ ਨਾਨੀ ਨਾਨਾ ਮੇਰੇ ਕੰਮ ਆਇਆ। ਭਾਰਤੀ ਪ੍ਰਣਾਲੀ ਵਿੱਚ ਰਿਸ਼ਤੇ ਬਹੁਤ ਮਹੱਤਵ ਰੱਖਦੇ। ਖੂਨ ਦੇ ਰਿਸ਼ਤੇ ਅੱਗੇ ਅੱਗੇ ਪੀੜ੍ਹੀ ਨੂੰ ਤੋਰੀ ਰੱਖਦੇ। ਸਮੇਂ ਨਾਲ ਭਾਵੇਂ ਬੋਝ ਲੱਗਦੇ, ਵਕਤ ਪੈਣ ਉੱਤੇ, ਇਨ੍ਹਾਂ ਦੇ ਹੇਜ ਜੱਗਦੇ। ਭੁੱਬਾਂ ਮਾਰ ਮਾਰ ਰੋਣ, ਮਾਂ-ਪਿਉ ਦੀਆਂ ਜੋੜੀਆਂ ਸਾਂਝਾਂ ਨੂੰ। ਦੁਸ਼ਮਣ ਨਾਲ ਵੀ ਨਾ ਇਤਨੀ ਮਾੜੀ ਹੋਵੇ,ਝੱਲਣੇ ਪੈਂਦੇ ਇਕੱਲਿਆਂ ਨੁਕਸਾਨਾਂ ਨੂੰ। ਰਿਸ਼ਤਿਆਂ ਨੇ ਹੀ ਜੇਰੇ ਵੱਡੇ ਕੀਤੇ, ਟੱਕਰਾਂ ਦੇਈਏ ਤੁਫ਼ਾਨਾਂ ਨੂੰ। ਰਿਸ਼ਤਿਆਂ ਦੀ ਮੋਹ ਮੁਹੱਬਤਾਂ ਦੀ ਸਾਂਝ, ਭੁਲਾ ਨਾ ਸਕਦੀ ਉਹਨਾਂ ਦੇ ਅਹਿਸਾਨਾਂ ਨੂੰ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639**

# ਈਦ ਮੁਬਾਰਕ...!

"ਈਦ" ਸ਼ਬਦ ਦਾ ਅਰਬੀ ਭਾਸ਼ਾ ਵਿੱਚ ਅਰਥ ਹੀ ਤਿਉਹਾਰ ਜਾਂ ਖ਼ੁਸ਼ੀ ਹੁੰਦਾ ਹੈ । ਇਸਲਾਮ ਧਰਮ ਵਿੱਚ ਚੰਦਰ ਕਲੰਡਰ ਤੇ ਅਧਾਰਿਤ ਹੀ ਤਿਉਹਾਰ ਨਿਸ਼ਚਿਤ ਹੁੰਦੇ ਹਨ। ਇਹ ਸੂਰਜੀ ਕੈਲੰਡਰ ਨਾਲੋਂ ਗਿਆਰਾਂ ਦਿਨ ਛੋਟਾ ਹੁੰਦਾ ਹੈ । ਇਸਲਾਮ ਧਰਮ ਦੇ ਕੈਲੰਡਰ ਵਿੱਚ ਈਦ ਦੇ ਦੋ ਵੱਡੇ ਤਿਉਹਾਰ ਈਦ-ਅਲ-ਅਧਾ ਜਿਸਨੂੰ ਬਕਰੀਦ ਵੀ ਕਿਹਾ ਜਾਂਦਾ ਹੈ ਅਤੇ ਈਦ-ਉਲ-ਫਿਤਰ ਹੁੰਦੇ ਹਨ। ਇਹ ਦੋਵੇਂ ਤਿਉਹਾਰ ਇਸਲਾਮ ਧਰਮ ਨਾਲ ਸਬੰਧਿਤ ਦੋ ਵੱਖ ਵੱਖ ਘਟਨਾਵਾਂ ਨਾਲ ਜੁੜੇ ਹੋਏ ਹਨ।ਇੱਕ ਈਦ ਰਮਜ਼ਾਨ ਦੇ ਮਹੀਨੇ ਨਾਲ ਸਬੰਧਤ ਹੈ ਅਤੇ ਦੂਜੀ ਈਦ ਮੁਸਲਮਾਨਾਂ ਦੀ ਸਲਾਨਾ ਤੀਰਥ ਯਾਤਰਾ ਨਾਲ ਸਬੰਧਤ ਹੈ ।ਈਦ-ਉਲ-ਫਿਤਰ ਰਮਜ਼ਾਨ ਦੇ ਪਾਕ ਮਹੀਨੇ ਵਿੱਚ ਮਨਾਇਆ ਜਾਂਦਾ ਹੈ। ਰਮਜ਼ਾਨ ਦੇ ਮਹੀਨੇ ਵਿੱਚ ਮੁਸਲਿਮ ਭਾਈਚਾਰੇ ਦੇ ਲੋਕ ਤੀਹ ਰੋਜ਼ੇ ਰੱਖਦੇ ਹਨ। ਵਿਸ਼ਵ ਭਰ ਵਿੱਚ ਮੁਸਲਮਾਨ ਭਾਈਚਾਰੇ ਦੇ ਲੋਕ ਸੂਰਜ ਚੜ੍ਹਨ ਤੋਂ ਲੈ ਕੇ ਸੂਰਜ ਛਿਪਣ ਤੱਕ ਰੋਜ਼ੇ ਰੱਖਦੇ ਹਨ ਅਤੇ ਰਮਜ਼ਾਨ ਵੇਲੇ ਦਾਨ ਕਰਦੇ ਹਨ। ਸਾਡੇ ਦੇਸ਼ ਵਿੱਚ ਚਾਹੇ ਵੱਖ ਵੱਖ ਧਰਮਾਂ ਦੇ ਲੋਕ ਵਸਦੇ ਹਨ ਪਰ ਇੱਕ ਗੱਲ ਦੀ ਖਾਸ ਵਿਸ਼ੇਸ਼ਤਾ ਇਹ ਹੈ ਕਿ ਸਾਰੇ ਧਰਮਾਂ ਦੇ ਲੋਕ ਸਾਰੇ ਧਰਮਾਂ ਨਾਲ ਸਬੰਧਤ ਤਿਉਹਾਰ ਆਪਸ ਵਿੱਚ ਰਲ਼ ਮਿਲ਼ ਕੇ ਮਨਾਉਂਦੇ ਹਨ। ਮੁਸਲਿਮ ਭਾਈਚਾਰੇ ਵਿੱਚ ਈਦ -ਉਲ- ਫਿਤਰ ਦਾ ਪਵਿੱਤਰ ਤਿਉਹਾਰ ਬਹੁਤ ਉਤਸ਼ਾਹ ਅਤੇ ਹੁਲਾਸ ਨਾਲ ਸਭ ਧਰਮਾਂ ਦੇ ਲੋਕਾਂ ਵੱਲੋਂ ਰਲ਼ ਮਿਲ਼ ਕੇ ਮਨਾਇਆ ਜਾਂਦਾ ਹੈ ਅਤੇ ਭਾਈਚਾਰਕ ਸਾਂਝ ਦੀ ਮਿਸਾਲ ਪੇਸ਼ ਕੀਤੀ ਜਾਂਦੀ ਹੈ।

ਇਸ ਮਹੀਨੇ ਵਿੱਚ ਮੁਸਲਿਮ ਭਾਈਚਾਰੇ ਦੇ ਲੋਕਾਂ ਦਾ ਉਤਸ਼ਾਹ ਵੇਖਣ ਵਾਲ਼ਾ ਹੁੰਦਾ ਹੈ। ਇਸ ਤਿਉਹਾਰ ਨੂੰ ਮਨਾਉਣ ਲਈ ਮੁਸਲਿਮ ਪਰਿਵਾਰਾਂ ਵਿੱਚ ਕਈ ਦਿਨ ਪਹਿਲਾਂ ਹੀ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਨਵੇਂ ਨਵੇਂ ਕੱਪੜੇ ਸਵਾਏ ਜਾਂਦੇ ਹਨ। ਕਈ ਤਰ੍ਹਾਂ ਦੇ ਪਕਵਾਨ ਤਿਆਰ ਕੀਤੇ ਜਾਂਦੇ ਹਨ। ਈਦ ਵਾਲੇ ਦਿਨ ਸੇਵੀਆਂ ਉਚੇਚੇ ਤੌਰ ਤੇ ਬਣਾਈਆਂ ਜਾਂਦੀਆਂ ਹਨ। ਹਰ ਮੁਸਲਿਮ ਪਰਿਵਾਰ ਵਿੱਚ ਵੱਖ਼ਰਾ ਹੀ ਖ਼ੁਸ਼ੀ ਦਾ ਮਾਹੌਲ ਹੁੰਦਾ ਹੈ।ਇੱਕ ਦੂਜੇ ਨੂੰ ਉਪਹਾਰ ਦੇਣ ਦਾ ਸਿਲਸਿਲਾ ਜਾਰੀ ਰਹਿੰਦਾ ਹੈ।ਰਮਜ਼ਾਨ ਦੇ ਮਹੀਨੇ ਦੇ ਆਖਰੀ ਦਿਨ ਜਦੋਂ ਰਾਤ ਨੂੰ ਅਸਮਾਨ ਵਿੱਚ ਚੰਦਰਮਾ ਨਜ਼ਰ ਆਉਂਦਾ ਹੈ ਤਾਂ ਚੰਦਰਮਾ ਦੇਖਦੇ ਹੀ ਮੁਸਲਿਮ ਭਾਈਚਾਰੇ ਦੇ ਲੋਕਾਂ ਦਾ ਉਤਸ਼ਾਹ ਅਤੇ ਖ਼ੁਸ਼ੀ ਵੇਖਣ ਵਾਲੀ ਹੁੰਦੀ ਹੈ। ਸਾਰੇ ਇੱਕ ਦੂਜੇ ਨੂੰ ਈਦ ਮੁਬਾਰਕ ਦਿੰਦੇ ਹੋਏ ਗ਼ਲੇ ਮਿਲਦੇ ਹਨ। ਚਾਰੇ ਪਾਸੇ "ਈਦ ਮੁਬਾਰਕ" ਈਦ ਮੁਬਾਰਕ" ਦੀਆਂ ਮਿੱਠੀਆਂ ਅਵਾਜ਼ਾਂ ਕੰਨਾਂ ਵਿੱਚ ਪੈਂਦੀਆਂ ਹਨ। ਅਸਲ ਵਿੱਚ ਇਸਲਾਮਿਕ ਕੈਲੰਡਰ ਚੰਦ 'ਤੇ ਆਧਾਰਿਤ ਹੈ। ਚੰਦ ਦੇ ਦਿਖਾਈ ਦੇਣ 'ਤੇ ਹੀ ਈਦ ਜਾਂ ਹੋਰ ਪ੍ਰਮੁੱਖ ਤਿਉਹਾਰ ਮਨਾਏ ਜਾਂਦੇ ਹਨ। ਰਮਜ਼ਾਨ ਦੇ ਪਵਿੱਤਰ ਮਹੀਨੇ ਦੀ ਸ਼ੁਰੂਆਤ ਚੰਦ ਦੇ ਦੇਖਣ ਨਾਲ ਹੁੰਦੀ ਹੈ ਤੇ ਇਸ ਦੀ ਸਮਾਪਤੀ ਵੀ ਚੰਦ ਦੇ ਨਿਕਲਣ ਨਾਲ ਹੁੰਦੀ ਹੈ।

ਈਦ-ਉਲ-ਫਿਤਰ ਦੇ ਮਹੱਤਵ ਵਿੱਚ ਇਹ ਵੀ ਕਿਹਾ ਜਾਂਦਾ ਹੈ ਕਿ ਪੈਗੰਬਰ ਮੁਹੰਮਦ ਸਾਹਿਬ ਦੀ ਅਗਵਾਈ ਵਿੱਚ ਜੰਗ-ਏ-ਬਦਰ 'ਚ ਮੁਸਲਮਾਨਾਂ ਦੀ ਜਿੱਤ ਹੋਈ ਸੀ। ਜਿੱਤ ਦੀ ਖ਼ੁਸ਼ੀ 'ਚ ਲੋਕਾਂ ਨੇ ਈਦ ਮਨਾਈ ਸੀ ਤੇ ਘਰਾਂ 'ਚ ਮਿੱਠੇ ਪਕਵਾਨ ਬਣਾਏ ਗਏ ਸਨ। ਇਸ ਤਰ੍ਹਾਂ ਨਾਲ ਈਦ-ਉਲ-ਫਿਤਰ ਦੀ ਸ਼ੁਰੂਆਤ ਜੰਗ-ਏ-ਬਦਰ ਤੋਂ ਬਾਅਦ ਹੋਈ ਸੀ। ਇਸਲਾਮ ਧਰਮ ਵਿੱਚ ਇਹ ਵੀ ਮਾਨਤਾ ਹੈ ਕਿ ਪੈਗੰਬਰ ਇਬਾਰਾਹਿਮ ਅਤੇ ਉਨ੍ਹਾਂ ਦੇ ਪੁੱਤਰ ਇਸਮਾਇਲ ਨੇ ਅੱਲ੍ਹਾ ਲਈ ਇੱਕ ਅਸਥਾਨ ਬਣਾਇਆ ਸੀ ਜਿੱਥੇ ਹਰ ਸਾਲ ਦੁਨੀਆਂ ਭਰ ਦੇ ਲੱਖਾਂ ਮੁਸਲਮਾਨ ਭਾਈਚਾਰੇ ਦੇ ਲੋਕ ਮੱਕਾ ਹੱਜ ਕਰਨ ਜਾਂਦੇ ਹਨ, ਤਾਂ ਕਿ ਉਹ ਉੱਥੇ ਰੱਬ ਨਾਲ ਜੋੜਨ ਵਾਲੀਆਂ ਪਰੰਪਰਾਵਾਂ ਨਿਭਾਉਣ । ਇਸ ਲਈ ਇਹ ਰਸਮਾਂ ਪੰਜ ਦਿਨਾਂ ਤੱਕ ਕੀਤੀਆਂ ਜਾਂਦੀਆਂ ਹਨ।ਹੱਜ ਕਰਨ ਜਾਣ ਵਾਲੇ ਤੀਰਥ ਯਾਤਰੀ ਸਫ਼ੇਦ ਰੰਗ ਦੀਆਂ ਪੁਸ਼ਾਕਾਂ ਪਹਿਨਦੇ ਹਨ ਜਿਸ ਨੂੰ 'ਇਹਰਾਮ' ਕਹਿੰਦੇ ਹਨ।ਹੱਜ ਕਰਨ ਗਏ ਤੀਰਥ-ਯਾਤਰੀ ਦੁਨੀਆਂ ਵਿੱਚ ਆਉਣ ਦੇ ਮਕਸਦ ਨੂੰ ਯਾਦ ਕਰਦੇ ਹੋਏ ਅੱਲ੍ਹਾ ਅੱਗੇ ਇਬਾਦਤ ਕਰਦੇ ਹਨ ।ਈਦ-ਉਲ-ਫਿਤਰ ਦੇ ਦਿਨ ਲੋਕ ਅੱਲਾਹ ਦਾ ਸ਼ੁੱਕਰੀਆ ਕਰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਹੀ ਰਹਿਮਤ ਨਾਲ ਉਹ ਪੂਰੇ ਇਕ ਮਹੀਨੇ ਤਕ ਰਮਜ਼ਾਨ ਦਾ ਵਰਤ ਰੱਖ ਪਾਉਂਦੇ ਹਨ। ਈਦ ਦੇ ਦਿਨ ਲੋਕ ਆਪਣੀ ਕਮਾਈ ਦਾ ਕੁਝ ਹਿੱਸਾ ਗਰੀਬ ਲੋਕਾਂ 'ਚ ਵੰਡ ਦਿੰਦੇ ਹਨ। ਉਨ੍ਹਾਂ ਨੂੰ ਤੋਹਫੇ ਦੇ ਤੌਰ 'ਤੇ ਕੱਪੜੇ, ਮਿਠਾਈ ਆਦਿ਼ ਦਿੰਦੇ ਹਨ।

ਜਿਵੇਂ ਸਿੱਖ ਧਰਮ ਵਿੱਚ ਗੁਰਪੁਰਬ, ਹਿੰਦੂ ਧਰਮ ਵਿੱਚ ਨਵਰਾਤਰਿਆਂ ਦੀ ਮਹਾਨ-ਤਾ ਹੁੰਦੀ ਹੈ ਉਸੇ ਤਰ੍ਹਾਂ ਮੁਸਲਿਮ ਭਾਈਚਾਰੇ ਵਿੱਚ ਰਮਜ਼ਾਨ ਦੇ ਮਹੀਨੇ, ਰੋਜ਼ਿਆਂ ਅਤੇ ਈਦ ਦੀ ਮਹੱਤਤਾ ਹੁੰਦੀ ਹੈ। ਸਾਨੂੰ ਸਾਰੇ ਧਰਮਾਂ ਦੇ ਲੋਕਾਂ ਨੂੰ ਆਪਣੇ ਧਰਮ ਦੇ ਨਾਲ ਨਾਲ ਦੂਜੇ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ, ਅਤੇ ਸਾਰਿਆਂ ਨੂੰ ਸਾਰੇ ਧਰਮਾਂ ਦੇ ਤਿਉਹਾਰ ਆਪਸ ਵਿੱਚ ਰਲ਼ ਮਿਲ਼ ਕੇ ਮਨਾਉਂਦੇ ਰਹਿਣਾ ਚਾਹੀਦਾ ਹੈ ਤਾਂ ਜੋ ਆਪਸ ਵਿੱਚ ਭਾਈਚਾਰਕ ਸਾਂਝ ਪੈਦਾ ਹੋ ਸਕੇ। ਹਰ ਤਿਉਹਾਰ ਸਾਂਝੀਵਾਲਤਾ ਦਾ ਪੈਗ਼ਾਮ ਦਿੰਦਾ ਹੈ। ਸਾਰੇ ਤਿਉਹਾਰਾਂ ਨੂੰ ਰਲ਼ ਮਿਲ਼ ਕੇ ਮਿਲਾਉਣ ਦਾ ਮੁੱਖ ਮਕਸਦ ਹੀ ਆਪਸ ਵਿੱਚ ਸਾਂਝਾਂ ਵਧਾ ਕੇ ਖ਼ੁਸ਼ੀਆਂ ਨੂੰ ਦੁੱਗਣਾ ਕਰਨਾ ਹੁੰਦਾ ਹੈ।ਈਦ ਵਾਲ਼ੇ ਦਿਨ ਜਦ ਸਾਰੇ ਭਾਈਚਾਰਿਆਂ ਦੇ ਲੋਕ ਮੁਸਲਿਮ ਭਾਈਚਾਰੇ ਦੇ ਲੋਕਾਂ ਦੇ ਗ਼ਲੇ ਮਿਲ਼ ਕੇ ਈਦ ਮੁਬਾਰਕ ਕਹਿੰਦੇ ਨਜ਼ਰ ਆਉਂਦੇ ਹਨ ਤਾਂ ਪੂਰੀ ਲੋਕਾਈ ਵਿੱਚ ਸਾਂਝੀਵਾਲਤਾ ਦਾ ਸੰਦੇਸ਼ ਜਾਂਦਾ ਹੈ।

ਈਦ ਮੁਬਾਰਕ...!



**ਬਰਜਿੰਦਰ ਕੌਰ ਬਿਸਰਾਓ...**
**9988901324**






Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

## ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**